# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 59 Tuesday, March 31, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

FOR ADVERTISING IN CANADIAN PUNJABI POST CALL: 905-793-2202


# ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਫੌਜ ਤੋਂ ਮਦਦ ਲੈਣ ਦੀ ਕੀਤੀ ਜਾ ਰਹੀ ਹੈ ਤਿਆਰੀ : ਟਰੂਡੋ



ਓਟਵਾ, 30 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਫੌਜ ਤੋਂ ਮਦਦ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਟਰੂਡੋ ਨੇ ਇਹ ਵੀ ਆਖਿਆ ਕਿ ਫੈਡਰਲ ਸਰਕਾਰ ਹਰ ਤਰ੍ਹਾਂ ਦੇ ਛੋਟੇ ਵੱਡੇ ਕਾਰੋਬਾਰਾਂ ਲਈ ਵੇਜ ਸਬਸਿਡੀ ਦਾ ਪਸਾਰ ਵੀ ਕਰਨ ਜਾ ਰਹੀ ਹੈ।

ਟਰੂਡੋ ਨੇ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਤੋਂ ਕੈਨੇਡੀਅਨ ਆਰਮਡ ਫੋਰਸਿਜ਼ ਕੋਵਿਡ-19 ਖਿਲਾਫ ਸਾਡੀ ਜੰਗ ਵਿੱਚ ਸਾਡੀਆਂ ਕਮਿਊਨਿਟੀਜ਼ ਦੀ ਮਦਦ ਕਰਨ ਲਈ ਹਿੱਸਾ ਲੈਣ ਦੀ ਤਿਆਰੀ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਅਜੇ ਫੈਡਰਲ ਸਰਕਾਰ ਨੂੰ ਕਿਸੇ ਵੀ ਪ੍ਰੋਵਿੰਸ ਜਾਂ ਟੈਰੇਟਰੀ ਵੱਲੋਂ ਫੌਜ ਦੇ ਦਖਲ ਦੀ ਰਸਮੀ ਤੌਰ ਉੱਤੇ ਅਪੀਲ ਨਹੀਂ ਕੀਤੀ ਗਈ ਹੈ। ਪਰ ਸਾਡੀ ਫੌਜ ਮਦਦ ਲਈ ਤਿਆਰ ਹੈ।

ਨੋਵਲ ਕਰੋਨਾਵਾਇਰਸ ਨਾਲ ਲੜਨ ਸਬੰਧੀ ਫੈਡਰਲ ਸਰਕਾਰ ਦੀ ਰੋਜ਼ਾਨਾ ਕੀਤੀ ਜਾਣ ਵਾਲੀ ਅਪਡੇਟ ਵਿੱਚ ਰੱਖਿਆ ਮੰਤਰੀ ਹਰਜੀਤ ਸੱਜਣ ਤੇ ਚੀਫ ਆਫ ਡਿਫੈਂਸ ਜੌਨਾਥਨ ਵੈਂਸ ਵੱਲੋਂ ਇਸ ਸਬੰਧ ਵਿੱਚ ਹੋਰ ਵੇਰਵੇ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਕੀਤੀ ਗਈ। ਸੱਜਣ ਨੇ ਆਖਿਆ ਕਿ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦਿਆਂ ਹੋਇਆਂ ਉਹ ਇਹ ਯਕੀਨੀ ਬਣਾ ਰਹੇ ਹਨ ਕਿ ਉਨ੍ਹਾਂ ਦੇ ਜਵਾਨ ਸਿਹਤਮੰਦ ਰਹਿਣ ਤੇ ਲੋੜ ਪੈਣ ਉੱਤੇ ਫੌਰੀ ਮਦਦ ਕਰ ਸਕਣ।

ਰੱਖਿਆ ਮੰਤਰੀ ਨੇ ਆਖਿਆ ਕਿ ਇਸ ਸਮੇਂ ਰੈਗੂਲਰ ਤੇ ਰਿਜ਼ਰਵ ਫੋਰਸਿਜ਼ ਦੇ 24000 ਜਵਾਨ ਫੌਰੀ ਤਾਇਨਾਤ ਕੀਤੇ ਜਾ ਸਕਦੇ ਹਨ ਤੇ 10 ਯੂਨਿਟ ਦੇਸ਼ ਵਿੱਚ ਕਿਤੇ ਵੀ ਲੋੜ ਪੈਣ ਉੱਤੇ ਤੁਰੰਤ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਭਾਵੇਂ ਚੁਣੌਤੀਆਂ ਕਿਹੋ ਜਿਹੀਆਂ ਵੀ ਕਿਉਂ ਨਾ ਹੋਣ ਸਾਡੇ ਜਵਾਨ ਮਦਦ ਲਈ ਹਮੇਸ਼ਾਂ ਤਿਆਰ ਹਨ। ...ਬਾਕੀ ਪੰਨਾ 6 'ਤੇ

# ਓਨਟਾਰੀਓ ਵਿੱਚ ਕੋਵਿਡ-19 ਕਾਰਨ ਹੋਈਆਂ 10 ਹੋਰ ਮੌਤਾਂ



ਟੋਰਾਂਟੋ, 30 ਮਾਰਚ (ਪੋਸਟ ਬਿਊਰੋ) : ਸੋਮਵਾਰ ਨੂੰ ਹੈਲਥ ਅਧਿਕਾਰੀਆਂ ਵੱਲੋਂ ਕੋਵਿਡ-19 ਦੇ 351 ਨਵੇਂ ਮਾਮਲਿਆਂ ਦੇ ਸਾਹਮਣੇ ਆਉਣ ਤੋਂ ਬਾਅਦ ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲੇ ਵੱਧ ਕੇ 1706 ਤੱਕ ਅੱਪੜ ਗਏ ਹਨ। ਇਸ ਦੌਰਾਨ 10 ਮੌਤਾਂ ਦੀ ਵੀ ਪੁਸ਼ਟੀ ਕੀਤੀ ਗਈ ਹੈ।

ਸੋਮਵਾਰ ਨੂੰ ਨੋਵਲ ਕਰੋਨਾਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਹੋਏ ਵਾਧੇ ਨੂੰ ਇੱਕ ਦਿਨ ਵਿੱਚ ਹੋਣ ਵਾਲਾ ਸੱਭ ਤੋਂ ਵੱਡਾ ਵਾਧਾ ਦੱਸਿਆ ਗਿਆ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹਾ ਪੈਂਡਿੰਗ ਟੈਸਟਾਂ ਦੇ ਬੈਕਲਾਗ ਨੂੰ ਕਲੀਅਰ ਕਰਨ ਉਪਰੰਤ ਆਏ ਨਤੀਜਿਆਂ ਕਾਰਨ ਹੋਇਆ। ਸੋਮਵਾਰ ਸਵੇਰ ਤੱਕ ਕੋਵਿਡ-19 ਕਾਰਨ ਪ੍ਰੋਵਿੰਸ ਵਿੱਚ 23 ਮੌਤਾਂ ਹੋਈਆਂ ਸਨ ਪਰ ਦੁਪਹਿਰ ਤੱਕ ਸਿਹਤ ਅਧਿਕਾਰੀਆਂ ਵੱਲੋਂ 10 ਹੋਰ ਮੌਤਾਂ ਦੀ ਪੁਸ਼ਟੀ ਕਰ ਦਿੱਤੀ ਗਈ।

ਓਨਟਾਰੀਓ ਦੀ ਐਸੋਸਿਏਟ ਮੈਡੀਕਲ ਆਫੀਸਰ ਆਫ ਹੈਲਥ ਡਾ. ਬਾਰਬਰਾ ਯਾਫੇ ਨੇ ਕੁਈਨਜ਼ ਪਾਰਕ ਵਿਖੇ ਇੱਕ ਨਿਊਜ਼ ਕਾਨਫਰੰਸ ਦੌਰਾਨ ਆਖਿਆ ਕਿ ਹੈਲੀਬਰਟਨ ਵਿੱਚ ਇੱਕ ਹੋਰ ਮੌਤ ਬਾਰੇ ਅਸੀਂ ਯਕੀਨ ਨਾਲ ਇਹ ਨਹੀਂ ਆਖ ਸਕਦੇ ਕਿ ਇਹ ਕੋਵਿਡ-19 ਕਾਰਨ ਹੀ ਹੋਈ ਹੈ ਜਾਂ ਨਹੀਂ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ



ਏਅਰ ਕੈਨੇਡਾ ਕਰੇਗੀ 16,500 ਕਾਮਿਆਂ ਦੀ ਛਾਂਗੀ — ਪੰਨਾ 03

ਕੋਰੋਨਾ ਵਾਇਰਸ ਦੇ ਕਾਰਨ ਪੰਜਾਬ 'ਚ ਤੀਸਰੀ ਮੌਤ, ਦੇਰ ਰਾਤ ਸਸਕਾਰ ਕੀਤਾ ਗਿਆ — ਪੰਨਾ 04






## ਗੁਰਦੁਆਰਾ ਪੰਚਮ ਪਾਤਿਸ਼ਾਹ, ਬੁੱਚੇਕੀ ਸ਼ੇਖ਼ੂਪੁਰਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪੰਚਮ ਪਾਤਿਸ਼ਾਹ, ਬੁੱਚੇਕੀ ਸ਼ੇਖ਼ੂਪੁਰਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance · Critical illness Ins · Travel & Visitor Ins · RESP & TFSA & RRSP
Super Visa Insurance · Mortgage Insurance · Disability Insurance · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance · Life & Disability · Critical illness · RESP · Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration · Real Estate / Commercial Law · Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? · ਗਾਰਨਿਸ਼ਮੈਂਟ? · ਬੈਂਕ ਵਲੋਂ ਪੈਸੇ ਦੀ ਮੰਗ ? · ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre · Avon Financial Brokerage Lic.12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

Super Visa Insurance · Visitor Visa Insurance · Travel Insurance · Student Insurance · New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

A1 RENOVATIONS
Commercial & Residential Renovations
**Professional ,Reliable & Experienced**
Services: Painting · Drywalls · Plumbing · Electrical · Flooring · Complete Basement Renovation · Kitchen & Washrooms · Concrete Services (Driveways & Sidewalks)
5-10 % DISCOUNT
Note: Complete basement (passed by city) Certified GasTechnician
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
Criminal and Family Law · Immigration · Real Estate · Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-JJ, Brampton L6R 3N9 (Torbram & Sandalwood) · 330 Highway 7 E, Suite 309, Richmond Hill- L4B 3P8
Call: 437 998 1429

Royal Pest Control
Residential Commercial Industrial
Specialist in Bedbugs Service
All Pest Control : Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL 416 938 4598

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

You can Place Your Business Here (905)793-2202 To Reach Wider Audience

HELPING YOU PLAN TODAY...FOR TOMORROW
Supervisa / Visitor Insurance · Life /Mortgage/Funeral Insurance · Disability Insurance · Critical Illness Insurance · RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com


HSBA Tax Services
20% Discount For Students, New Immigrants and Senior Citizens
Personal / Corporation Tax · Accounting / Bookkeeping · Business Registrations · HST/WSIB/Payroll · Financial Statements/Audits · Mortgages and Loans
647-720-5278 PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets · Completly Furnished · Legal Basement · Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
100% Customer Satisfaction
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr


Price $729,999
JUST LISTED! 200 Malta Ave, Unit # 70, Brampton
Brand new condo townhouse with 3 bedroom and an extra room on the floor
ਪਰਾਈਵੇਟ ਰੂਫਟੋਪ ਟੈਰੇਸ, 2.5 ਵਾਸ਼ਰੂਮ 1700 ਸੁਕੇਅਰ ਫੁੱਟ ਦਾ ਘਰ, ਪਹਿਲੇ ਅਤੇ ਦੂਜੇ ਫਲੋਰ ਤੇ 9 ਫੁੱਟ ਸਿਲਿੰਗ, ਘਰ ਸਿੱਧੇ ਜਾਣ ਲਈ ਅੰਡਰਗਰਾਊਂਡ ਪਾਰਕਿੰਗ, ਮੇਨ ਬੱਸ ਟਰਾਂਜ਼ਟ, ਸ਼ੈਰੀਡਨ ਕਾਲਜ,ਸ਼ਾਪਰ ਡਰੱਗ ਮਾਰਟ ਅਤੇ ਕਈ ਸਕੂਲਾਂ ਨੂੰ ਪੈਦਲ ਜਾ ਸਕਦੇ ਹੋ। ਹਾਈਵੇ 407,410,ਸਟੀਲ ਐਵੀਨੀਊ ਅਤੇ ਹਰੰਟਾਰੀਓ ਤੋਂ 401, ਦੇ ਬਿਲਕੁਲ ਨੇੜੇ। ਕਿਚਨ ਅਤੇ ਵਾਸ਼ਰੂਮ ਅਪਗ੍ਰੇਡ ਕੀਤੇ ਹਨ।
KAMAL RANDHAWA
Sales Representative
Dir: 647 855 0671
Email: kamaldeepr07@gmail.com
Office: 905.793.1111
Not intended to Solicit Buyers or Sellers Currently under Contract


NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ
ਹਵਾਈ ਟਿਕਟਾਂ ਅਤੇ ਭਰੋਸੇਮੰਦ
ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਕੋਰੋਨਾ ਕਹਿਰ ਕਿ ਘਰੀਂ ਨੇ ਪਏ ਪਾਟਕ,
ਘਰ ਦੇ ਜੀਆਂ ਤੋਂ ਲੋਕੀਂ ਆ ਡਰੇ ਮੀਆਂ।
ਹੋਲਾ ਵੇਖਿਆ, ਆਇਆ ਸੀ ਪਿੰਡ ਮੁੰਡਾ,
ਵੜਨ ਦਿੱਤਾ ਨਹੀਂ ਲੋਕਾਂ ਨੇ ਘਰੇ ਮੀਆਂ।
ਆਇਆ ਹੋਲੇ ਤੋਂ ਮਰ ਗਿਆ ਹੋਰ ਮੁੰਡਾ,
ਘਰ ਦੇ ਜੀਅ ਵੀ ਖੜੇ ਬਈ ਪਰੇ ਮੀਆਂ।
ਆਈ ਔਖ ਕਿ ਸਿਵਾ ਵੀ ਚਿਣੇ ਕਿਹੜਾ,
ਕਿਹੜਾ ਲਾਸ਼ ਉਹ ਸਿਵੇ'ਤੇ ਧਰੇ ਮੀਆਂ।
ਹਰ ਕੋਈ ਕਹਿੰਦਾ, ਜਹਾਨ ਹੈ ਜਾਨ ਨਾਲੇ,
ਫਸ ਗਏ ਆਪ ਤੇ ਬਾਕੀ ਕੀ ਰਹੂ ਮੀਆਂ।
ਮਾਪੇ ਪੁੱਤਰ ਤੋਂ ਪਾਸਾ ਜਦ ਫੇਰ ਗਏ ਤਾਂ,
ਕਰਿਆ ਸੰਕਟ ਨੇ ਚਿੱਟਾ ਈ ਲਹੂ ਮੀਆਂ।

ਤੀਸ ਮਾਰ ਖਾਂ

# ਫੋਰਡ ਨੇ ਸਟੇਟ ਆਫ ਐਮਰਜੰਸੀ ਵਿੱਚ ਦੋ ਹਫਤਿਆਂ ਲਈ ਕੀਤਾ ਹੋਰ ਵਾਧਾ

ਟੋਰਾਂਟੋ, 30 ਮਾਰਚ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਹ ਅਗਲੇ ਦੋ ਹਫਤਿਆਂ ਲਈ ਹੋਰ ਐਮਰਜੰਸੀ ਵਧਾ ਰਹੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਇਸ ਲਈ ਇਹ ਫੈਸਲਾ ਕੀਤਾ ਜਾ ਰਿਹਾ ਹੈ ਕਿਉਂਕਿ ਪ੍ਰੋਵਿੰਸ ਵਿੱਚ ਕੋਵਿਡ-19 ਦੇ ਨਵੇਂ ਕੇਸ ਆਉਣ ਦੇ ਸਿਲਸਿਲੇ ਵਿੱਚ ਕੋਈ ਕਮੀ ਨਹੀਂ ਆਈ ਹੈ।



ਫੋਰਡ ਨੇ 17 ਮਾਰਚ ਨੂੰ ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਲਾਈ ਸੀ ਤੇ ਇਨ੍ਹਾਂ ਹੁਕਮਾਂ ਦੇ ਖਤਮ ਹੋਣ ਤੋਂ ਇੱਕ ਦਿਨ ਪਹਿਲਾਂ ਸੋਮਵਾਰ ਨੂੰ ਫੋਰਡ ਨੇ ਇਨ੍ਹਾਂ ਐਮਰਜੰਸੀ ਵਾਲੇ ਹਾਲਾਤ ਵਿੱਚ ਵਾਧਾ ਹੋਣ ਦੀ ਪੁਸ਼ਟੀ ਕੀਤੀ। ਕੁਈਨਜ਼ ਪਾਰਕ ਵਿਖੇ ਕੋਵਿਡ-19 ਬਾਰੇ ਪ੍ਰੋਵਿੰਸ ਦੀ ਡੇਲੀ ਅਪਡੇਟ ਦੌਰਾਨ ਫੋਰਡ ਨੇ ਆਖਿਆ ਕਿ ਪ੍ਰੋਵਿੰਸ ਅਜੇ ਇਹ ਜਾਇਜ਼ਾ ਲੈ ਰਿਹਾ ਹੈ ਕਿ ਕੀ ਇਹ ਹੁਕਮ ਦੋ ਹਫਤਿਆਂ ਦੇ ਆਧਾਰ ਉੱਤੇ ਵਧਾਏ ਜਾਣ।

ਪ੍ਰੀਮੀਅਰ ਨੇ ਆਖਿਆ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਨਵੇਂ ਮਾਮਲੇ ਮਿਲਣ ਤੋਂ ਅਜੇ ਰੁਕੇ ਨਹੀਂ ਹਨ ਤੇ ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਉਨ੍ਹਾਂ ਨੂੰ ਅੱਗੇ ਵੀ ਕਾਰਵਾਈ ਕਰਨੀ ਪਵੇਗੀ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਵੱਲੋਂ ਦਿੱਤੀ ਜਾਣ ਵਾਲੀ ਸਲਾਹ ਉੱਤੇ ਸਾਡੀ ਪੂਰੀ ਟੀਮ ਫੌਰੀ ਅਮਲ ਕਰੇਗੀ। ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਨੇ ਆਖਿਆ ਕਿ ਉਹ ਬਾਰੀਕੀ ਨਾਲ ਹਾਲਾਤ ਉੱਤੇ ਨਜ਼ਰ ਰੱਖ ਰਹੇ ਹਨ ਤੇ ਲੋੜ ਪੈਣ ਉੱਤੇ ਢੁਕਵੇਂ ਮਾਪਦੰਡ ਅਪਣਾਏ ਜਾਣਗੇ।

## ਪੰਜਾਬ ਸਰਕਾਰ ਨੇ ਮੈਡੀਕਲ, ਚਿੰਤਾ ਅਤੇ ਪ੍ਰੇਸ਼ਾਨੀ ਨਾਲ ਜੁੜੇ ਮੁੱਦਿਆਂ ਬਾਰੇ ਸਲਾਹ ਲਈ ਵਿਸ਼ੇਸ਼ ਕੋਵਿਡ ਹੈਲਪਲਾਈਨ ਨੰਬਰ ਕੀਤਾ ਜਾਰੀ

ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ): ਤਾਲਾਬੰਦੀ ਦੌਰਾਨ ਮੈਡੀਕਲ ਅਤੇ ਪਰੇਸ਼ਾਨੀ ਨਾਲ ਜੁੜੇ ਹੋਰ ਮੁੱਦਿਆਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਲਈ, ਪੰਜਾਬ ਸਰਕਾਰ ਵੱਲੋਂ ਸੋਮਵਾਰ ਨੂੰ ਨਾਗਰਿਕਾਂ ਲਈ ਇੱਕ ਸਪੈਸ਼ਲ ਹੈਲਪਲਾਈਨ ਨੰਬਰ 18001804104 ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਲੋਕ ਟੈਲੀ-ਕਾਨਫਰੰਸ 'ਤੇ ਸੀਨੀਅਰ ਡਾਕਟਰਾਂ ਦੇ ਨੈਟਵਰਕ ਨਾਲ ਜੁੜ ਕੇ ਕੋਵਿਡ -19 ਅਤੇ ਇਸ ਨਾਲ ਸਬੰਧਤ ਹੋਰ ਪਰੇਸ਼ਾਨੀਆਂ ਲਈ ਮੈਡੀਕਲ ਸਲਾਹ ਲੈ ਸਕਦੇ ਹਨ। ਇਸ ਮੰਤਵ ਲਈ ਆਈ.ਐਮ.ਸੀ. ਦੁਆਰਾ 1800 ਤੋਂ ਵੱਧ ਸੀਨੀਅਰ ਡਾਕਟਰਾਂ ਨੂੰ ਸੂਚੀਬੱਧ ਕੀਤਾ ਗਿਆ ਹੈ, ਜਿਨ੍ਹਾਂ ਨੂੰ ਪਲੇਟਫਾਰਮ, ਇਸਦੇ ਪ੍ਰੋਟੋਕੋਲ ਅਤੇ ਕਾਰਜਕੁਸ਼ਲਤਾਵਾਂ ਬਾਰੇ ਨਿਯਮਤ ਤੌਰ 'ਤੇ ਸਿਖਲਾਈ ਦਿੱਤੀ ਗਈ ਹੈ। ਇਹ ਜਾਣਕਾਰੀ ਪ੍ਰਸ਼ਾਸਨਿਕ ਸੁਧਾਰਾਂ ਅਤੇ ਜਨਤਕ ਸ਼ਿਕਾਇਤਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਿਨੀ ਮਹਾਜਨ ਨੇ ਦਿੱਤੀ।

# ਏਅਰ ਕੈਨੇਡਾ ਕਰੇਗੀ 16,500 ਕਾਮਿਆਂ ਦੀ ਛਾਂਗੀ

ਮਾਂਟਰੀਅਲ, 30 ਮਾਰਚ (ਪੋਸਟ ਬਿਊਰੋ) : ਕੋਵਿਡ-19 ਕਾਰਨ ਘਾਟਾ ਝੱਲ ਰਹੀ ਏਅਰ ਕੈਨੇਡਾ ਵੱਲੋਂ ਆਰਜ਼ੀ ਤੌਰ ਉੱਤੇ 16,500 ਕਰਮਚਾਰੀਆਂ ਦੀ ਛਾਂਗੀ ਕੀਤੀ ਜਾਵੇਗੀ। ਇਹ ਛਾਂਗੀ ਇਸ ਹਫਤੇ ਤੋਂ ਹੀ ਸ਼ੁਰੂ ਕਰ ਦਿੱਤੀ ਜਾਵੇਗੀ। ਮਾਂਟਰੀਅਲ ਸਥਿਤ ਏਅਰਲਾਈਨ ਦੀਆਂ ਉਡਾਨਾਂ ਦੀ ਸਮਰੱਥਾ ਵਿੱਚ ਅਚਾਨਕ ਆਈ ਕਮੀ ਦੇ ਚੱਲਦਿਆਂ 15,200 ਯੂਨੀਅਨ ਵਰਕਰਾਂ ਤੇ 1300 ਮੈਨੇਜਰਾਂ ਨੂੰ ਕੱਢਣ ਦਾ ਕੰਮ ਇਸ ਸ਼ੁੱਕਰਵਾਰ ਤੋਂ ਸ਼ੁਰੂ ਹੋਵੇਗਾ ਤੇ ਅਪਰੈਲ ਤੇ ਮਈ ਤੱਕ ਚੱਲੇਗਾ। ਇੱਕ ਬਿਆਨ ਜਾਰੀ ਕਰਕੇ ਏਅਰਲਾਈਨ ਦੇ ਚੀਫ ਐਗਜ਼ੈਕਟਿਵ ਕੈਲਿਨ ਰੋਵਿਨੈਸਕੂ ਨੇ ਆਖਿਆ ਕਿ ਐਨੀ ਵੱਡੀ ਗਿਣਤੀ ਵਿੱਚ ਆਪਣੇ ਕਰਮਚਾਰੀਆਂ ਦੀ ਛਾਂਗੀ ਕਰਨਾ ਸਾਡੇ ਲਈ ਬਹੁਤ ਦੁਖਦਾਈ ਫੈਸਲਾ ਹੈ ਪਰ ਹਾਲ ਦੀ ਘੜੀ ਕੰਮ ਵਿੱਚ ਆਈ ਕਮੀ ਕਾਰਨ ਸਾਨੂੰ ਇਹ ਫੈਸਲਾ ਕਰਨਾ ਪੈ ਰਿਹਾ ਹੈ।

ਗਲੋਬਲ ਸ਼ੱਟਡਾਊਨ ਕਾਰਨ ਏਅਰਲਾਈਨ ਵੱਲੋਂ ਆਪਣੀਆਂ ਬਹੁਤੇ ਕੌਮਾਂਤਰੀ ਤੇ ਅਮਰੀਕਾ ਵਾਲੇ ਰੂਟਸ ਬੰਦ ਕੀਤੇ ਹੋਏ ਹਨ। ਏਅਰ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਦੀ ਇਸ ਸਕੀਮ ਨਾਲ ਉਨ੍ਹਾਂ ਨੂੰ 500 ਮਿਲੀਅਨ ਡਾਲਰ ਦੀ ਬਚਤ ਹੋਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਸੀਈਓ ਤੇ ਚੀਫ ਫਾਇਨਾਂਸ਼ੀਅਲ ਆਫੀਸਰ ਮਾਈਕ ਰੌਸੀਊ ਵੱਲੋਂ ਆਪਣੀਆਂ 100 ਫੀ ਸਦੀ ਤਨਖਾਹਾਂ ਛੱਡੀਆਂ ਜਾ ਰਹੀਆਂ ਹਨ ਜਦਕਿ ਬਾਕੀ ਦੀ ਐਗਜ਼ੈਕਟਿਵ ਟੀਮ ਵਲੋਂ 25 ਫੀ ਸਦੀ ਤੇ 50 ਫੀ ਸਦੀ ਤਨਖਾਹ ਨਹੀਂ ਲਈ ਜਾਵੇਗੀ।



## ਸੰਸਾਰ ਸਿਹਤ ਸੰਗਠਨ ਨੇ ਕਿਹਾ: ਕੋਰੋਨਾ ਦੀ ਇਨਫੈਕਸ਼ਨ ਤੋਂ ਬਚਾਅ ਲਈ ਲਾਸ਼ ਨੂੰ ਸਾੜਿਆ ਜਾਣਾ ਹੀ ਸਹੀ



ਨਵੀਂ ਦਿੱਲੀ, 30 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਮਰਨ ਵਾਲੇ ਵਿਅਕਤੀ ਦੀ ਲਾਸ਼ ਦਾ ਅੰਤਿਮ ਸਸਕਾਰ ਕਰਨ ਬਾਰੇ ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਨੇ ਗਾਈਡਲਾਈਨ ਜਾਰੀ ਕੀਤੀ ਹੈ ਕਿ ਇਨਫੈਕਸ਼ਨ ਦੀ ਰੋਕਥਾਮ, ਮਹਾਮਾਰੀ ਉੱਤੇ ਕੰਟਰੋਲ ਅਤੇ ਸਿਹਤ ਸੰਭਾਲ ਦਾ ਧਿਆਨ ਰੱਖ ਕੇ ਏਦਾਂ ਦੀ ਲਾਸ਼ ਨੂੰ ਆਈਸੋਲੇਸ਼ਨ ਰੂਮ ਜਾਂ ਕਿਸੇ ਖੇਤਰ ਤੋਂ ਏਧਰ-ਓਧਰ ਲਿਜਾਣ ਦੌਰਾਨ ਲਾਸ਼ ਦੇ ਸੰਪਰਕ ਵਿੱਚ ਆਉਣ ਤੋਂ ਬਚਣ ਲਈ ਸੀਲਡ ਬਕਸੇ ਵਿੱਚ ਲਿਜਾ ਕੇ ਇਸ ਨੂੰ ਅਗਨ ਭੇਟ ਕਰਨਾ ਹੀ ਠੀਕ ਹੋਵੇਗਾ।

ਡਬਲਿਊ ਐੱਚ ਓ ਦੀ ਹਦਾਇਤ ਮੁਤਾਬਕ ਮੁਰਦਾਘਰ ਵਿੱਚ ਲਾਸ਼ ਦੀ ਸੰਭਾਲ ਅਤੇ ਪੋਸਟ ਮਾਰਟਮ ਲਈ ਕੋਰੋਨਾ ਦੇ ਪੀੜਤ ਦੀ ਲਾਸ਼ ਮੁਰਦਾਘਰ ਤੋਂ ਸ਼ਮਸ਼ਾਨਘਾਟ ਜਾਂ ਕਬਰਸਤਾਨ ਲਿਜਾਣ ਤੋਂ ਪਹਿਲਾਂ ਸੀਲਡ ਬਾਡੀ ਬੈਗ ਵਿੱਚ ਪੂਰੀ ਤਰ੍ਹਾਂ ਸੀਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲਾਸ਼ ਦੇ ਫਲੂਇਡਸ ਦੀ ਲੀਕੇਜ ਨਾ ਹੋ ਸਕੇ। ਲਾਸ਼ ਨੂੰ ਸੰਭਾਲਣ ਵਾਲੇ ਲੋਕਾਂ ਲਈ ਡਿਸਪੋਜ਼ੇਬਲ ਅਤੇ ਲੰਮੇ ਕਾਲਰ ਅਤੇ ਕਫ਼ ਵਾਲੇ ਗਾਊਨ ਦੀ ਵਰਤੋਂ ਲਈ ਕਿਹਾ ਗਿਆ ਹੈ। ਲਾਸ਼ ਦੇ ਬਾਹਰੀ ਹਿੱਸੇ ਉੱਤੇ ਬਾਡੀ ਫਲੂਇਡਸ, ਮੈਲਾ ਜਾਂ ਕੋਈ ਲੀਕੇਜ ਦਿਖਾਈ ਦੇਵੇ ਤਾਂ ਗਾਊਨ ਵਾਟਰ ਪਰੂਫ਼ ਚਾਹੀਦਾ ਹੈ। ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ ਮੁਰਦਾਘਰ ਦੇ ਸਟਾਫ ਅਤੇ ਅੰਤਿਮ ਸਸਕਾਰ ਕਰਨ ਵਾਲਿਆਂ ਨੂੰ ਹੱਥਾਂ ਨੂੰ ਸਮੁੱਚੇ ਤੌਰ ਉੱਤੇ ਸਟੈਂਡਰਡ ਚੌਕਸੀ ਰੱਖਣੀ ਚਾਹੀਦੀ ਤੇ ਯੋਗ ਨਿੱਜੀ ਸੁਰੱਖਿਆ ਯੰਤਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਸ ਦੌਰਾਨ ਮਹਾਰਾਸ਼ਟਰ ਦੀ ਸਰਕਾਰ ਨੇ ਕਿਹਾ ਹੈ ਕਿ ਕੋਰੋਨਾ ਨਾਲ ਮਰਨ ਵਾਲੇ ਹਰੇਕ ਵਿਅਕਤੀ ਦੀ ਲਾਸ਼ ਨੂੰ ਸਾੜਨਾ ਹੋਵੇਗਾ, ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ, ਉਸ ਨੂੰ ਦਫ਼ਨਾਉਣ ਦੀ ਆਗਿਆ ਨਹੀਂ ਹੋਵੇਗੀ। ਅੰਤਿਮ ਸਸਕਾਰ ਲਈ ਸਿਰਫ਼ ਪੰਜ ਲੋਕ ਜਾਣਗੇ। ਮੰਨਿਆ ਜਾਂਦਾ ਹੈ ਕਿ ਲਾਸ਼ ਦਫ਼ਨਾਉਣ ਨਾਲ ਹੋਰਨਾਂ ਵਿੱਚ ਇਨਫੈਕਸ਼ਨ ਦੀ ਸੰਭਾਵਨਾ ਰਹਿੰਦੀ ਹੈ, ਇਸ ਲਈ ਲਾਸ਼ ਨੂੰ ਸਾੜਨਾ ਹੀ ਇਨਫੈਕਸ਼ਨ ਫੈਲਣ ਤੋਂ ਰੋਕਣ ਲਈ ਠੀਕ ਤਰੀਕਾ ਹੈ।

## ਪਰਵਾਸੀ ਮਜ਼ਦੂਰਾਂ ਦੀ ਸ਼ਰਨ ਲਈ ਅਧਿਕਾਰੀਆਂ ਨੂੰ ਸਕੂਲਾਂ ਦੀਆਂ ਇਮਾਰਤਾਂ ਖੁਲ੍ਹਵਾਉਣ ਦੇ ਨਿਰਦੇਸ਼

ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ): ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਨੇ ਕਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਲਾਏ ਕਰਫਿਊ ਕਾਰਨ ਫਸੇ ਪਰਵਾਸੀ ਮਜ਼ਦੂਰਾਂ ਨੂੰ ਪਨਾਹ ਦੇਣ ਲਈ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸਕੂਲਾਂ ਦੀਆਂ ਇਮਾਰਤਾਂ ਖੁਲ੍ਹਵਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਇਹ ਨਿਰਦੇਸ਼ ਅੱਗੇ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਜਾਰੀ ਕਰਨ ਲਈ ਕਿਹਾ ਗਿਆ ਹੈ ਕਿ ਉਹ ਇਸ ਅਨੁਸਾਰ ਪ੍ਰਬੰਧ ਕਰਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸਬੰਧਤ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਨੂੰ ਸਕੂਲਾਂ ਵਿੱਚ ਥੋੜ੍ਹੇ ਸਮੇਂ ਦੀ ਠਹਿਰ ਦੌਰਾਨ ਖਾਣਾ ਅਤੇ ਹੋਰ ਪ੍ਰਬੰਧ ਮੁਹੱਈਆ ਕਰਵਾਏਗਾ।

ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ 8ਵੀਂ, 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਜੋ ਪਹਿਲੀ ਅਪਰੈਲ ਤੋਂ ਹੋਣੀਆਂ ਸਨ, ਨੂੰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

# ਸੀਆਈਐਫ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਰਾਹਤ ਪੈਕੇਜ ਦੀ ਅਪੀਲ

ਟੋਰਾਂਟੋ, 30 ਮਾਰਚ (ਪੋਸਟ ਬਿਊਰੋ) : ਕੈਨੇਡਾ ਇੰਡੀਆ ਫਾਊਂਡੇਸ਼ਨ (ਸੀਆਈਐਫ) ਵੱਲੋਂ ਸਰਕਾਰ ਕੋਲ ਅਪੀਲ ਕੀਤੀ ਗਈ ਹੈ ਕਿ ਕੈਨੇਡੀਅਨ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਨੂੰ ਰਾਹਤ ਪੈਕੇਜ ਦਿੱਤਾ ਜਾਵੇ ਤਾਂ ਜੋ ਇਸ ਸੰਕਟ ਦੀ ਘੜੀ ਵਿੱਚ ਉਹ ਆਪਣੇ ਕਮਰਿਆਂ ਦੇ ਕਿਰਾਏ ਤੇ ਗਰੌਸਰੀ ਦੇ ਬਿੱਲ ਦੇਣ ਦੇ ਤਣਾਅ ਤੋਂ ਛੁਟਕਾਰਾ ਪਾ ਸਕਣ।

CANADA INDIA FOUNDATION

ਕੌਮਾਂਤਰੀ ਵਿਦਿਆਰਥੀ ਕੋਵਿਡ-19 ਮਹਾਮਾਰੀ ਕਾਰਨ ਬੇਹੱਦ ਤਣਾਅ ਵਿੱਚ ਹਨ। ਬਹੁਗਿਣਤੀ ਵਿਦਿਆਰਥੀ ਦੋ ਵਕਤ ਦੀ ਰੋਟੀ ਦਾ ਜੁਗਾੜ ਆਰਜ਼ੀ ਪਾਰਟ ਟਾਈਮ ਨੌਕਰੀਆਂ ਕਰਕੇ ਕਰ ਰਹੇ ਹਨ। ਮੌਜੂਦਾ ਮਹਾਮਾਰੀ ਕਾਰਨ ਉਨ੍ਹਾਂ ਕੋਲ ਵਸੀਲਿਆਂ ਦੀ ਬਹੁਤ ਘਾਟ ਹੋ ਗਈ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਘਰਾਂ ਤੋਂ ਮਿਲਣ ਵਾਲੀ ਹਰ ਕਿਸਮ ਦੀ ਮਦਦ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।

ਪਿਛਲੇ ਪੰਜ ਸਾਲਾਂ ਵਿੱਚ ਕੈਨੇਡਾ ਵਿੱਚ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿੱਚ ਕਾਫੀ ਵਾਧਾ ਦਰਜ ਕੀਤਾ ਗਿਆ। ਇਸ ਸਮੇਂ ਕੈਨੇਡਾ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ 600,000 ਕੌਮਾਂਤਰੀ ਵਿਦਿਆਰਥੀ ਪੜ੍ਹਾਈ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ 50 ਫੀ ਸਦੀ ਓਨਟਾਰੀਓ ਵਿੱਚ ਹਨ। ਇੱਕ ਅੰਦਾਜ਼ੇ ਮੁਤਾਬਕ ਕੈਨੇਡਾ ਵਿੱਚ 200,000 ਕੌਮਾਂਤਰੀ ਵਿਦਿਆਰਥੀ ਸਿਰਫ ਭਾਰਤ ਤੋਂ ਹਨ।

ਕੈਨੇਡਾ ਇੰਡੀਆ ਫਾਊਂਡੇਸ਼ਨ ਦੇ ਚੇਅਰ ਅਨਿਲ ਸ਼ਾਹ ਨੇ ਆਖਿਆ ਕਿ ਇਹ ਵਿਦਿਆਰਥੀ ਕੈਨੇਡਾ ਤੇ ਆਪਣੇ ਮੂਲ ਦੇਸ਼ ਦਰਮਿਆਨ ਕੜੀ ਦੀ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਉਹ ਭਵਿੱਖ ਦੀ ਸਕਿੱਲਡ ਵਰਕ ਫੋਰਸ ਵਜੋਂ ਵੀ ਕੈਨੇਡਾ ਵਿੱਚ ਆਪਣਾ ਬਣਦਾ ਹਿੱਸਾ ਪਾਉਣਗੇ। ਇਸ ਮੌਕੇ ਸੀਆਈਐਫ ਦੇ ਨੈਸ਼ਨਲ ਕਨਵੀਨਰ ਸਤੀਸ਼ ਠੱਕਰ ਤੇ ਨੈਸ਼ਨਲ ਕੋ-ਕਨਵੀਨਰ ਪੰਕਜ ਦੇਵ ਨੇ ਵੀ ਆਪਣੇ ਵਿਚਾਰ ਪ੍ਰਗਟਾਏ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

ShenGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕੋਰੋਨਾ ਵਾਇਰਸ ਦੇ ਕਾਰਨ ਪੰਜਾਬ 'ਚ ਤੀਸਰੀ ਮੌਤ, ਦੇਰ ਰਾਤ ਸਸਕਾਰ ਕੀਤਾ ਗਿਆ

## * ਪੰਜਾਬ ਵਿੱਚ 1051 ਸ਼ੱਕੀ ਕੇਸਾਂ ਵਿੱਚੋਂ 41 ਪਾਜ਼ਿਟਿਵ ਨਿਕਲੇ

ਚੰਡੀਗੜ੍ਹ, 31 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਦੀ ਮਾਰ ਦਿਨੋ-ਦਿਨ ਵਧ ਰਹੀ ਹੈ। ਸੋਮਵਾਰ ਸਵੇਰੇ ਮੋਹਾਲੀ ਦੇ 65 ਸਾਲਾ ਬਜ਼ੁਰਗ ਵਿੱਚ ਕੋਰੋਨਾ ਦੇ ਵਾਇਰਸ ਦੀ ਪੁਸ਼ਟੀ ਹੋਈ, ਪਰ ਸ਼ਾਮ ਹੋਣ ਤੱਕ ਦੋ ਹੋਰ ਕੇਸਾਂ ਦੇ ਕੋਰੋਨਾ ਪਾਜ਼ਿਟਿਵ ਹੋਣ ਦੀ ਪੁਸ਼ਟੀ ਹੋ ਗਈ। ਇਕ ਕੇਸ ਜ਼ਿਲਾ ਲੁਧਿਆਣਾ ਦਾ ਸੀ, ਜਿਸ ਵਿੱਚ ਮਰੀਜ਼ ਨੂੰ ਪਟਿਆਲਾ ਦੇ ਸਰਕਾਰੀ ਹਸਪਤਾਲ ਸ਼ਿਫਟ ਕੀਤਾ ਗਿਆ, ਪਰ ਸ਼ਾਮ 6 ਵਜੇ ਉਸ ਦੀ ਮੌਤ ਹੋ ਗਈ। ਤੀਸਰਾ ਕੇਸ ਜ਼ਿਲਾ ਪਟਿਆਲਾ ਦਾ ਹੈ। ਦੁਬਈ ਤੋਂ ਆਏ ਇਸ ਮਰੀਜ਼ ਦੇ ਸੈਂਪਲ ਵਿੱਚ ਕੋਰੋਨਾ ਵਾਇਰਸ ਦੀ ਪੁਸ਼ਟੀ ਹੋਈ ਹੈ। ਇਸ ਤਰ੍ਹਾਂ ਪੰਜਾਬ ਵਿੱਚ ਅੱਜ ਤੱਕ ਕੋਰੋਨਾ ਵਾਇਰਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 41 ਹੋ ਗਈ ਹੈ।

ਕੋਰੋਨਾ ਵਾਇਰਸ ਦੇ ਕਾਰਨ ਲੁਧਿਆਣਾ ਦੇ ਅਮਰਪੁਰਾ ਦੀ ਔਰਤ ਪੂਜਾ ਦੀ ਮੌਤ ਮਗਰੋਂ ਪੁਲਸ ਤੇ ਪ੍ਰਸ਼ਾਸਨ ਵੱਲੋਂ ਤੇਜ਼ੀ ਵਿਖਾਈ ਗਈ ਹੈ। ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਤੇ ਹੋਰ ਅਧਿਕਾਰੀਆਂ ਸਣੇ ਭਾਰੀ ਫੋਰਸ ਉਸ ਮਹਿਲਾ ਦੇ ਘਰ ਪਹੁੰਚੀ ਤੇ ਦੇਰ ਸ਼ਾਮ ਪੁਲਸ ਨੇ ਅਮਰਪੁਰਾ ਤੇ ਨਾਲ ਦੀਆਂ 46 ਗਲੀਆਂ ਸੀਲ ਕਰ ਦਿੱਤੀਆਂ, ਜਿਥੇ 7 ਥਾਵਾਂ ਉੱਤੇ ਪੱਕੇ ਨਾਕੇ ਲਾ ਕੇ 150 ਜਵਾਨ ਖੜੇ ਕਰ ਦਿੱਤੇ ਗਏ। ਸਿਹਤ ਵਿਭਾਗ ਵੱਲੋਂ ਜਾਂਚ ਪੂਰੀ ਹੋਣ ਤੱਕ ਨਾ ਕੋਈ ਇਲਾਕੇ ਵਿਚ ਆ ਸਕੇਗਾ ਤੇ ਨਾ ਕੋਈ ਬਾਹਰ ਜਾ ਸਕੇਗਾ। ਤੜਕੇ ਲਗਭਗ 1.30 ਵਜੇ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਤੋਂ ਪੂਜਾ ਦੀ ਲਾਸ਼ ਲੈ ਕੇ ਉਸ ਦੇ ਦੋਵੇਂ ਪੁੱਤਰ, ਸਿਹਤ ਵਿਭਾਗ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਲੁਧਿਆਣਾ ਪਹੁੰਚੇ ਤਾਂ ਇਸ ਨੂੰ ਘਰ ਲਿਆਉਣ ਦੀ ਥਾਂ ਸਿੱਧੇ ਡਵੀਜ਼ਨ ਨੰਬਰ 3 ਦੇ ਇਲਾਕੇ ਵਿਚਲੇ ਸ਼ਮਸ਼ਾਨਘਾਟ ਲਿਜਾ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਮ੍ਰਿਤਕਾ ਦੇ ਪੁੱਤਰਾਂ ਦੀ ਹਾਜ਼ਰੀ ਵਿਚ ਅੰਤਿਮ ਸਸਕਾਰ



ਕਰ ਦਿੱਤਾ ਗਿਆ।

ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਮ੍ਰਿਤਕਾ ਇਕ ਮਹੀਨਾ ਪਹਿਲਾਂ ਆਪਣੇ ਰਿਸ਼ਤੇਦਾਰਾਂ ਦੇ ਘਰ ਜੰਮੂ ਗਈ ਸੀ ਤੇ ਰੋਜ਼ ਘਰ ਤੋਂ ਸਬਜ਼ੀ ਅਤੇ ਹੋਰ ਸਾਮਾਨ ਲੈਣ ਜਾਂਦੀ ਸੀ। ਮ੍ਰਿਤਕਾ ਦੀ ਕੋਈ ਵਿਦੇਸਲ ਦੀ ਟਰੈਵਲ ਹਿਸਟਰੀ ਨਹੀਂ ਸੀ ਤੇ ਵਿਦੇਸ਼ ਤੋਂ ਆਏ ਜਿਹੜੇ ਲੋਕ ਉਸ ਨੂੰ ਮਿਲੇ, ਉਨ੍ਹਾਂ ਦੀ ਲਿਸਟ ਬਣਾਈ ਜਾ ਰਹੀ ਹੈ। ਏ ਡੀ ਸੀ ਪੀ-1 ਗੁਰਪ੍ਰੀਤ ਸਿੰਘ ਸਿਕੰਦ ਦੇ ਦੱਸਣ ਅਨੁਸਾਰ ਪੁਲਸ ਨੇ ਪੂਜਾ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਜਾਣ-ਪਛਾਣ ਵਾਲਿਆਂ, ਗੁਆਂਢ ਵਿਚ ਰਹਿੰਦੇ ਸਾਰੇ ਲੋਕਾਂ ਦੀ ਲਿਸਟ ਬਣਾਈ ਅਤੇ ਸਿਹਤ ਵਿਭਾਗ ਨਾਲ ਮਿਲ ਕੇ ਕਈ ਟੀਮਾਂ ਬਣਾਈਆਂ ਹਨ, ਜੋ ਦੇਰ ਰਾਤ ਸਾਰਿਆਂ ਦੇ ਘਰਾਂ ਵਿਚ ਜਾਂਚ ਕਰਨ ਲੱਗੀਆਂ ਹਨ। ਪਤਾ ਲੱਗਾ ਹੈ ਕਿ ਮ੍ਰਿਤਕਾ ਅਮਰਪੁਰਾ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦੀ ਸੀ ਤੇ ਕਰੀਬ 5 ਮਹੀਨੇ ਪਹਿਲਾਂ ਤੱਕ ਸਬਜ਼ੀ ਮੰਡੀ ਵਿਚ ਕੰਮ ਕਰਦੀ ਸੀ, ਪਰ ਅੱਜਕੱਲ੍ਹ ਲੋਕਾਂ ਦੇ ਘਰੀਂ ਖਾਣਾ ਬਣਾਉਣ ਦਾ ਜਾਂਦੀ ਸੀ। ਉਸ ਦੇ ਪਤੀ ਦੀ 12 ਸਾਲ ਪਹਿਲਾਂ ਮੌਤ ਹੋ ਗਈ ਅਤੇ ਉਸ ਦੇ 20 ਸਾਲ ਅਤੇ 15 ਸਾਲ ਦੇ ਦੋ ਪੁੱਤਰ ਅਤੇ 18 ਸਾਲਾਂ ਦੀ ਧੀ ਹੈ, ਜਿਹੜੀ ਡਾਬਾ ਵਿਚ ਮਾਸੀ ਕੋਲ ਰਹਿੰਦੀ ਹੈ।

ਇਸ ਦੌਰਾਨ ਸੋਮਵਾਰ ਨੂੰ ਸਰਕਾਰ ਵਲੋਂ ਜਾਰੀ ਬੁਲੇਟਿਨ ਅਨੁਸਾਰ ਪੰਜਾਬ ਵਿੱਚ 1051 ਸ਼ੱਕੀ ਲੋਕਾਂ ਦੇ ਸੈਂਪਲ ਜਾਂਚ ਲਈ ਭੇਜੇ ਸਨ, ਜਿਨ੍ਹਾਂ ਵਿੱਚੋਂ 41 ਕੇਸਾਂ ਵਿੱਚ ਕੋਰੋਨਾ ਦੀ ਪੁਸ਼ਟੀ ਹੋਈ ਤੇ 881 ਦੀ ਰਿਪੋਰਟ ਨੈਗੇਟਿਵ ਆਈ ਹੈ, ਜਦ ਕਿ 129 ਸੈਂਪਲਾਂ ਦੀ ਰਿਪੋਰਟ ਅਜੇ ਆਉਣੀ ਹੈ। ਪੰਜਾਬ ਵਿੱਚ ਕੋਰੋਨਾ ਦੇ ਪੀੜਤਾਂ ਵਿੱਚੋਂ 3 ਦੀ ਮੌਤ ਹੋ ਗਈ ਅਤੇ ਇਕ ਠੀਕ ਹੋ ਚੁੱਕਾ ਹੈ। ਕੋਰੋਨਾ ਦੇ ਸਭ ਤੋਂ ਵੱਧ 19 ਪਾਜ਼ਿਟਿਵ ਕੇਸ ਨਵਾਂ ਸ਼ਹਿਰ ਜ਼ਿਲੇ ਦੇ ਹਨ, ਮੋਹਾਲੀ ਜ਼ਿਲੇ ਤੋਂ 7, ਹੁਸ਼ਿਆਰਪੁਰ ਤੋਂ 6, ਜਲੰਧਰ ਤੋਂ 5, ਲੁਧਿਆਣਾ ਤੋਂ 2 ਅਤੇ ਅੰਮ੍ਰਿਤਸਰ ਤੇ ਪਟਿਆਲਾ ਤੋਂ 1-1 ਕੇਸ ਪਤਾ ਲੱਗਾ ਹੈ।

ਚੰਡੀਗੜ੍ਹ ਸ਼ਹਿਰ ਤੇ ਇਲਾਕੇ ਵਿੱਚ ਸੋਮਵਾਰ ਨੂੰ ਕੋਰੋਨਾ ਵਾਇਰਸ ਦੇ ਪੰਜ ਪਾਜ਼ਿਟਿਵ ਕੇਸ ਪਤਾ ਲੱਗੇ ਹਨ। ਏਥੋਂ ਦੇ ਸਿਹਤ ਵਿਭਾਗ ਮੁਤਾਬਕ ਦੁਬਈ ਤੋਂ ਮੁੜੇ 22 ਸਾਲਾ ਨੌਜਵਾਨ ਦੀ 40 ਸਾਲਾ ਮਾਂ ਅਤੇ ਨੌਜਵਾਨ ਦੇ ਦੋ ਦੋਸਤਾਂ ਵਿੱਚ ਕੋਰੋਨਾ ਵਾਇਰਸ ਦੀ ਦੇਰ ਸ਼ਾਮ ਪੁਸ਼ਟੀ ਹੋਈ ਹੈ। ਕੈਨੇਡਾ ਤੋਂ ਪਿੱਛੇ ਜਿਹੇ ਪਰਤੇ ਪਤੀ-ਪਤਨੀ ਵਿੱਚ ਵੀ ਸੋਮਵਾਰ ਕੋਰੋਨਾ ਵਾਇਰਸ ਦੀ ਪੁਸ਼ਟੀ ਹੋ ਗਈ ਹੈ ਅਤੇ ਉਨ੍ਹਾ ਦਾ ਇਲਾਜ ਕੀਤਾ ਜਾ ਰਿਹਾ ਹੈ।

# ਕੋਰੋਨਾ ਵਾਇਰਸ: ਭਾਰਤ ਵਿੱਚ 200 ਹੋਰ ਕੇਸਾਂ ਨਾਲ ਮਰੀਜ਼ਾਂ ਦੀ ਗਿਣਤੀ 1200 ਤੋਂ ਟੱਪੀ, 32 ਮੌਤਾਂ

ਨਵੀਂ ਦਿੱਲੀ, 30 ਮਾਰਚ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਪੀੜਤਾਂ ਦੀ ਗਿਣਤੀ 1200 ਤੋਂ ਟੱਪ ਗਈ ਹੈ। ਸੋਮਵਾਰ ਨੂੰ ਕੋਰੋਨਾ ਦੇ ਮਰੀਜ਼ਾਂ ਦੇ 217 ਨਵੇਂ ਕੇਸ ਪਤਾ ਲੱਗੇ ਅਤੇ ਹੋਰ ਪੰਜ ਮਰੀਜ਼ਾਂ ਦੀ ਮੌਤ ਹੋ ਗਈ ਹੈ। ਇਸ ਨਾਲ ਮਰਨ ਵਾਲਿਆਂ ਦੀ ਗਿਣਤੀ 32 ਹੋ ਗਈ ਹੈ। ਇਸ ਸੰਬੰਧ ਵਿੱਚ ਭਾਰਤ ਦੇ ਸਿਹਤ ਮੰਤਰਾਲੇ ਅਤੇ ਰਾਜ ਸਰਕਾਰਾਂ ਦੇ ਸਿਹਤ ਵਿਭਾਗਾਂ ਦੇ ਦੱਸਣ ਅਨੁਸਾਰ ਦੇਸ਼ ਵਿੱਚ ਤਕ ਕੋਰੋਨਾ ਵਾਇਰਸ ਦੇ ਅੱਜ ਤੱਕ ਕੁੱਲ 1251 ਕੇਸ ਪਤਾ ਲੱਗੇ ਹਨ। ਇਨ੍ਹਾਂ ਵਿੱਚੋਂ 32 ਲੋਕਾਂ ਦੀ ਮੌਤ ਹੋ ਚੁੱਕੀ ਹੈ, 49 ਵਿਦੇਸ਼ੀ ਨਾਗਰਿਕ ਅਤੇ ਤੰਦਰੁਸਤ ਹੋ ਚੁੱਕੇ 111 ਲੋਕ ਸ਼ਾਮਲ ਹਨ। ਮਹਾਰਾਸ਼ਟਰ ਵਿੱਚ 17 ਨਵੇਂ ਕੇਸ ਮਿਲਣ ਨਾਲ ਪੀੜਤਾਂ ਦੀ ਗਿਣਤੀ 220 ਹੋ ਗਈ ਹੈ। ਸੋਮਵਾਰ ਮੁੰਬਈ ਵਿੱਚ ਤਿੰਨ ਅਤੇ ਪੁਣੇ ਵਿੱਚ ਇਕ ਜਣੇ ਦੀ ਮੌਤ ਹੋਈ ਤੇ ਮੁੰਬਈ ਵਿੱਚ 86 ਸਾਲ ਦੀ ਇਕ ਔਰਤ ਅਤੇ 47 ਸਾਲਾ ਪੁਰਸ਼ ਨੇ ਦਮ ਤੋੜ ਦਿੱਤਾ। ਮਹਿਲਾ ਆਪਣੇ ਬੇਟੇ ਦੇ ਸੰਪਰਕ ਵਿੱਚ ਆਉਣ ਨਾਲ ਪ੍ਰਭਾਵਤ ਹੋਈ ਸੀ। ਮਹਾਰਾਸ਼ਟਰ ਵਿੱਚ ਅੱਜ ਤਕ ਨੌਂ ਜਣਿਆਂ ਦੀ ਕੋਰੋਨਾ ਨਾਲ ਮੌਤ ਹੋ ਚੁੱਕੀ ਹੈ। ਕੇਰਲ ਵਿੱਚ ਸੋਮਵਾਰ 32 ਨਵੇਂ ਕੇਸ ਲੱਭਣ ਨਾਲ ਪੀੜਤਾਂ ਦੀ




ਗਿਣਤੀ 234 ਹੋ ਗਈ ਹੈ, ਜਿਹੜੀ ਭਾਰਤ ਵਿੱਚ ਸਭ ਤੋਂ ਵੱਧ ਹੈ। ਕਰਨ-ਾਟਕ ਵਿੱਚ ਪੰਜ ਨਵੇਂ ਕੇਸ ਪਤਾ ਲੱਗੇ ਤੇ ਗਿਣਤੀ 88 ਹੋ ਗਈ ਹੈ। ਤਾਮਿਲ ਨਾਡੂ ਵਿੱਚ 17 ਨਵੇਂ ਕੇਸ ਮਿਲੇ ਤੇ ਪੀੜਤਾਂ ਦਾ ਅੰਕੜਾ 67 ਤੱਕ ਚਲਾ ਗਿਆ ਹੈ। ਨਵੇਂ ਕੇਸਾਂ ਵਿੱਚ ਇਕੱਲੇ ਇਰੋਡ ਜ਼ਿਲ੍ਹੇ ਦੇ 10 ਕੇਸ ਹਨ। ਰਾਜਸਥਾਨ ਵਿੱਚ 10 ਨਵੇਂ ਕੇਸ ਮਿਲਣ ਨਾਲ ਕੁੱਲ 69 ਕੇਸ ਹੋ ਗਏ ਹਨ। ਜੰਮੂ-ਕਸ਼ਮੀਰ ਵਿੱਚ 11 ਨਵੇਂ ਕੇਸਾਂ ਨਾਲ ਮਰੀਜ਼ਾਂ ਦੀ ਗਿਣਤੀ 49 ਹੋ ਗਈ ਹੈ, ਜਿਨ੍ਹਾਂ ਵਿੱਚੋਂ ਦੋ ਜਣੇ ਠੀਕ ਹੋ ਚੁੱਕੇ ਤੇ ਦੋ ਦੀ ਮੌਤ ਹੋ ਗਈ ਹੈ। ਮੱਧ ਪ੍ਰਦੇਸ਼ ਵਿੱਚ ਸੋਮਵਾਰ ਨੂੰ ਅੱਠ ਕੇਸ ਪਤਾ ਲੱਗੇ ਅਤੇ ਮਰੀਜ਼ਾਂ ਦੀ ਗਿਣਤੀ 47 ਹੋ ਗਈ ਹੈ। ਆਂਧਰਾ ਪ੍ਰਦੇਸ਼ ਵਿੱਚ ਦੋ ਨਵੇਂ ਕੇਸਾਂ ਨਾਲ ਗਿਣਤੀ 23 ਹੋ ਗਈ ਹੈ। ਅੱਜ ਸੋਮਵਾਰ ਮਹਾਰਾਸ਼ਟਰ ਦੇ ਤਿੰਨ ਲੋਕਾਂ ਅਤੇ ਗੁਜਰਾਤ ਦੇ ਇਕ ਵਿਅਕਤੀ ਦੀ ਮੌਤ ਹੋ ਗਈ। ਗੁਜਰਾਤ ਵਿੱਚ ਸੱਤ ਨਵੇਂ ਕੇਸ ਮਿਲਣ ਨਾਲ ਮਰੀਜ਼ਾਂ ਦੀ ਗਿਣਤੀ 70 ਹੋ ਗਈ ਹੈ। ਇਸ ਰਾਜ ਵਿੱਚ ਅੱਜ ਤਕ ਛੇ ਜਣਿਆਂ ਦੀ ਕੋਰੋਨਾ ਨਾਲ ਮੌਤ ਹੋ ਚੁੱਕੀ ਹੈ। ਪੰਜ ਨਵੇਂ ਕੇਸਾਂ ਨਾਲ ਚੰਡੀਗੜ੍ਹ ਵਿੱਚ ਮਰੀਜ਼ਾਂ ਦੀ ਗਿਣਤੀ 13 ਹੋ ਗਈ ਹੈ। ਅੰਡੇਮਾਨ ਨਿਕੋਬਾਰ ਵਿੱਚ ਇਕ ਨਵੇਂ ਕੇਸ ਨਾਲ 10 ਮਰੀਜ਼ ਹੋ ਗਏ ਹਨ। ਉੱਤਰ ਪ੍ਰਦੇਸ਼ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ 85 ਹੋ ਗਈ ਹੈ। 3 ਨਵੇਂ ਕੇਸਾਂ ਨਾਲ ਤੇਲੰਗਾਨਾ ਵਿੱਚ ਪੀੜਤਾਂ ਦੀ ਗਿਣਤੀ 70 ਹੋ ਗਈ ਤੇ ਪੰਜ ਨਵੇਂ ਕੇਸਾਂ ਨਾਲ ਪੱਛਮੀ ਬੰਗਾਲ ਵਿੱਚ ਵੀ ਮਰੀਜ਼ਾਂ ਦੀ ਗਿਣਤੀ 22 ਹੋ ਗਈ ਹੈ।

# ਕੋਰੋਨਾ ਦਾ ਕਹਿਰ: ਇਟਲੀ ਵਿੱਚ ਇੱਕੋ ਦਿਨ 812 ਲੋਕਾਂ ਦੀ ਮੌਤ ਤੇ ਪਾਜ਼ਿਟਿਵ ਕੇਸ 1 ਲੱਖ ਤੋਂ ਟੱਪੇ

ਰੋਮ, 31 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਨੇ ਪੂਰੇ ਯੂਰਪ ਨੂੰ ਹਿਲਾ ਛੱਡਿਆ ਹੈ, ਜਿਸ ਵਿੱਚ ਇਸ ਦੀ ਸਭ ਤੋਂ ਮਾਰ ਇਟਲੀ ਵਿਚ ਪੈ ਰਹੀ ਹੈ। ਸੋਮਵਾਰ ਦੇ ਦਿਨ ਇਟਲੀ ਵਿਚ ਇਸ ਵਾਇਰਸ ਨਾਲ 812 ਲੋਕਾਂ ਦੀ ਮੌਤ ਹੋ ਗਈ ਅਤੇ 4050 ਨਵੇਂ ਪਾਜ਼ਿਟਿਵ ਕੇਸ ਮਿਲਣ ਨਾਲ ਕੇਸਾਂ ਦੀ ਗਿਣਤੀ 1,01,739 ਹੋ ਗਈ ਹੈ ਅਤੇ ਮੌਤਾਂ ਦੀ ਗਿਣਤੀ 11,591 ਹੋ ਗਈ ਹੈ। ਇਹ ਜਾਣਕਾਰੀ ਵਰਲਡੋਮੀਟਰ ਵੈੱਬਸਾਈਟ ਨੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਅੱਜ ਤੱਕ ਸਭ ਤੋਂ ਵੱਧ ਕੋਰੋਨਾ ਦੇ ਕੇਸ ਅਮਰੀਕਾ ਵਿੱਚ ਹੋਏ ਹਨ ਅਤੇ ਇਸ ਪਿੱਛੋਂ ਇਟਲੀ ਵਿਚ ਸਭ ਤੋਂ ਵੱਧ ਕੇਸ ਹਨ, ਜਿੱਥੇ ਇਨ੍ਹਾਂ ਦੀ ਗਿਣਤੀ 1 ਲੱਖ ਤੋਂ ਟੱਪ ਚੁੱਕੀ ਹੈ। ਚੀਨ ਤੋਂ ਬਾਅਦ ਯੂਰਪ ਵਿਚ ਇਸ ਦਾ ਸਭ ਤੋਂ ਵੱਧ ਮਾਰੂ ਪ੍ਰਭਾਵ ਪਿਆ ਤੇ ਇਕੱਲੇ ਯੂਰਪ ਵਿਚ ਮੌਤਾਂ ਦੀ ਗਿਣਤੀ 26,000 ਤੋਂ ਲੰਘ ਗਈ ਹੈ, ਜਦ ਕਿ ਇਸ ਦੇ ਪੀੜਤਾਂ ਦੀ ਗਿਣਤੀ 4 ਲੱਖ ਤੋਂ ਟੱਪ ਗਈ ਹੈ, ਜਿਨ੍ਹਾਂ ਵਿਚੋਂ 60,000 ਤੋਂ ਵੱਧ ਲੋਕ ਠੀਕ ਹੋ ਚੁੱਕੇ ਹਨ।

## * ਸਪੇਨ ਵਿੱਚ 24 ਘੰਟੇ ਵਿੱਚ 812 ਮੌਤਾਂ



ਸਪੇਨ ਵਿਚ ਬੀਤੇ 24 ਘੰਟਿਆਂ ਵਿੱਚ 913 ਲੋਕਾਂ ਦੀ ਮੌਤ ਹੋਣ ਨਾਲ ਮ੍ਰਿਤਕਾਂ ਦੀ ਗਿਣਤੀ 7,713 ਹੋ ਗਈ ਹੈ ਅਤੇ ਕੁੱਲ 87,956 ਲੋਕ ਇਸ ਤੋਂ ਪ੍ਰਭਾਵਤ ਹਨ।

ਅਮਰੀਕਾ ਵਿਚ ਅੱਜ ਤੱਕ 1,63,479 ਲੋਕ ਪ੍ਰਭਾਵਤ ਹੋਏ ਅਤੇ 3,148 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੇਸ਼ ਵਿਚ ਸਿਹਤ ਮਾਹਰਾਂ ਨੇ ਕੋਰੋਨਾ ਨਾਲ 1 ਤੋਂ 2 ਲੱਖ ਲੋਕਾਂ ਦੀ ਮੌਤ ਹੋਣ ਦਾ ਡਰ ਦੱਸਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਸਮਾਜਿਕ ਦੂਰੀ ਨਾ ਕੀਤੀ ਜਾਂਦੀ ਤਾਂ ਮੌਤਾਂ ਦੀ ਗਿਣਤੀ 22 ਲੱਖ ਤੱਕ ਪਹੁੰਚ ਸਕਦੀ ਸੀ, ਪਰ ਇਹ ਨਹੀਂ ਹੋਇਆ। ਇਸ ਤੋਂ ਜ਼ਾਹਰ ਹੈ ਕਿ ਅਸੀਂ ਬਹੁਤ ਵਧੀਆ ਕੰਮ ਕੀਤਾ ਹੈ।

ਕੋਰੋਨਾ ਦੀ ਮਹਾਮਾਰੀ ਦੇ ਮੁੱਢ ਮੰਨੇ ਜਾਂਦੇ ਚੀਨ ਵਿਚ ਹਾਲਾਤ ਕਾਬੂ ਹੇਠ ਹਨ ਪਰ ਇਨਫੈਕਸ਼ਨ ਉੱਤੇ ਪੂਰੀ ਤਰ੍ਹਾਂ ਕੰਟਰੋਲ ਨਹੀਂ ਹੋ ਸਕਿਆ। ਸੋਮਵਾਰ ਨੂੰ ਚੀਨ ਵਿਚ ਇਨਫੈਕਸ਼ਨ ਦੇ 31 ਨਵੇਂ ਕੇਸ ਪਤਾ ਲੱਗੇ ਅਤੇ 4 ਲੋਕਾਂ ਦੀ ਮੌਤ ਹੋ ਗਈ ਹੈ। ਇਸ ਨਾਲ ਚੀਨ ਵਿਚ ਇਸ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 3,304 ਹੋ ਗਈ ਹੈ।

ਜਰਮਨੀ ਵਿਚ ਕੋਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ 645 ਹੋ ਚੁੱਕੀ ਹੈ ਅਤੇ ਪ੍ਰਭਾਵਤ ਲੋਕਾਂ ਦੀ ਗਿਣਤੀ ਵੀ 66,885 ਹੋ ਚੁੱਕੀ ਹੈ। ਮੈਕਸੀਕੋ ਵਿਚ ਕੋਰੋਨਾ ਵਾਇਰਸ ਦੇ 145 ਨਵੇਂ ਕੇਸ ਮਿਲੇ ਅਤੇ 4 ਨਵੀਆਂ ਮੌਤਾਂ ਹੋਈਆਂ ਹਨ। ਇਸ ਦੇਸ਼ ਵਿੱਚ ਸੋਮਵਾਰ ਤੱਕ 993 ਕੇਸ ਪਤਾ ਲੱਗੇ ਅਤੇ 20 ਲੋਕਾਂ ਦੀ ਮੌਤ ਹੋਈ ਹੈ। ਬ੍ਰਿਟੇਨ ਵਿੱਚ ਇਸ ਮਹਾਮਾਰੀ ਦੇ ਪੀੜਤ ਲੋਕਾਂ ਦੀ ਗਿਣਤੀ 22,139 ਅਤੇ ਮੌਤਾਂ ਦੀ ਗਿਣਤੀ 1408 ਹੋ ਗਈ ਹੈ, ਜਿਨ੍ਹਾਂ ਵਿੱਚੋਂ ਇੱਕੋ ਦਿਨ ਹੋਈਆਂ 180 ਮੌਤਾਂ ਸ਼ਾਮਲ ਹਨ। ਫਰਾਂਸ ਵਿੱਚ ਇੱਕੋ ਦਿਨ 418 ਮੌਤਾਂ ਹੋਣ ਨਾਲ ਮੌਤਾਂ ਦੀ ਕੁੱਲ ਗਿਣਤੀ 3,024 ਹੋ ਗਈ ਅਤੇ ਇਰਾਨ ਵਿੱਚ 117 ਹੋਰ ਮੌਤਾਂ ਨਾਲ ਕੁੱਲ ਗਿਣਤੀ 2757 ਹੋ ਗਈ ਹੈ। ਪਾਕਿਸਤਾਨ ਵਿੱਚ ਇਸ ਵਕਤ ਕੁੱਲ 1,717 ਕੇਸ ਦੱਸੇ ਗਏ ਹਨ ਅਤੇ ਮੌਤਾਂ ਦੀ ਗਿਣਤੀ 21 ਹੋ ਚੁੱਕੀ ਹੈ।

# ਦਿੱਲੀ ਦੇ ਨਿਜ਼ਾਮੁਦੀਨ ਮਰਕਜ਼ ਵਿੱਚ ਕੋਰੋਨਾ ਦੇ 300 ਸ਼ੱਕੀ ਕੇਸ ਮਿਲੇ, ਇਲਾਕਾ ਸੀਲ

ਨਵੀਂ ਦਿੱਲੀ, 30 ਮਾਰਚ, (ਪੋਸਟ ਬਿਊਰੋ)- ਦੱਖਣੀ ਪੂਰਬੀ ਦਿੱਲੀ ਦੇ ਨਿਜ਼ਾਮੁਦੀਨ ਵਿੱਚ ਤਬਲੀਗੀ ਜਮਾਤ ਦੇ ਮਰਕਜ਼ ਵਿੱਚ ਕੋਰੋਨਾ ਵਾਇਰਸ ਦੀ ਜਾਂਚ ਲਈ 200 ਸ਼ੱਕੀ ਲੋਕਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕੀਤਾ ਗਿਆ ਹੈ, ਜਦ ਕਿ ਕਰੀਬ 1200 ਲੋਕ ਹਾਲੇ ਵੀ ਉਥੇ ਮੌਜੂਦ ਹਨ, ਜਿਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ। ਇਸ ਮਰਕਜ਼ ਵਿੱਚ 300 ਲੋਕਾਂ ਨੂੰ ਕੋਰੋਨਾ ਵਾਇਰਸ ਦਾ ਸ਼ੱਕੀ ਮੰਨਿਆ ਜਾ ਰਿਹਾ ਹੈ।

ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਲਾਕਡਾਊਨ ਤੋਂ ਪਹਿਲਾਂ ਤਬਲੀਗੀ ਜਮਾਤ ਦੇ ਮਰਕਜ਼ ਵਿੱਚ ਕਰੀਬ




2000 ਲੋਕ ਸਨ, ਪਰ ਕੁਝ ਲੋਕ ਵੱਖ-ਵੱਖ ਰਾਜਾਂ ਨੂੰ ਚਲੇ ਗਏ। ਏਥੇ ਕੁਝ ਸਮਾਂ ਏਥੇ ਗੁਜ਼ਾਰ ਕੇ ਜਾਣ ਵਾਲੇ ਲੋਕਾਂ ਵਿੱਚੋਂ 6 ਜਣੇ ਆਪੋ ਆਪਣੇ ਰਾਜ ਵਿੱਚ ਜਾ ਕੇ ਕੋਰੋਨਾ ਵਾਇਰਸ ਤੋਂ ਪੀੜਤ ਨਿਕਲੇ ਅਤੇ ਇਕ ਜਣੇ ਦੀ ਮੌਤ ਹੋ ਗਈ ਸੀ। ਇਕ ਪੁਲਸ ਅਧਿਕਾਰੀ ਦੇ ਮੁਤਾਬਕ ਲਾਕਡਾਊਨ ਦੇ ਪਹਿਲਾਂ ਹੀ ਇਥੋਂ ਭੀੜ ਹਟਾਉਣ ਤੇ ਸੋਸ਼ਲ ਡਿਸਟੈਂਸਿੰਗ ਲਈ ਕਿਹਾ ਗਿਆ ਸੀ, ਪਰ ਮਰਕਜ਼ ਦੇ ਲੋਕਾਂ ਨੇ ਗੱਲ ਨਹੀਂ ਮੰਨੀ। ਇਥੇ ਰਹਿੰਦੇ ਲੋਕਾਂ ਵਿੱਚ ਵੱਡੀ ਗਿਣਤੀ ਵਿੱਚ 60 ਸਾਲ ਤੋਂ ਵੱਧ ਉਮਰ ਦੇ ਹਨ। ਨਿਜ਼ਾਮੁਦੀਨ ਦੇ ਇਕ ਵਸਨੀਕ ਦੇ ਮੁਤਾਬਕ ਮਰਕਜ਼ ਤੋਂ ਪਿਛਲੇ ਦੋ ਦਿਨਾਂ ਵਿੱਚ 200 ਲੋਕਾਂ ਨੂੰ ਕੋਰੋਨਾ ਦੇ ਪੀੜਤਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਮਰਕਜ਼ ਦੇ ਨੇੜਲੇ ਇਲਾਕਿਆਂ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ। ਹਸਪਤਾਲ ਭੇਜੇ ਗਏ ਲੋਕਾਂ ਵਿੱਚ ਬੰਗਲਾ ਦੇਸ਼, ਸ਼੍ਰੀਲੰਕਾ, ਅਫਗਾਨਿਸਤਾਨ, ਮਲੇਸ਼ੀਆ, ਸਾਊਦੀ ਅਰਬ, ਇੰਗਲੈਂਡ ਅਤੇ ਚੀਨ ਦੇ ਕਰੀਬ 100 ਨਾਗਰਿਕ ਸ਼ਾਮਲ ਹਨ।

## ਆਨਲਾਈਨ ਕਰਫ਼ਿਊ ਪਾਸ ਜਾਰੀ ਕਰਨ ਦੇ ਲਈ ਅਧਿਕਾਰੀ ਤਾਇਨਾਤ

ਫਾਜ਼ਿਲਕਾ, 30 ਮਾਰਚ (ਪੋਸਟ ਬਿਊਰੋ): ਲੋਕਾਂ ਨੂੰ ਕਰਫ਼ਿਊ ਪਾਸ ਪ੍ਰਾਪਤ ਕਰਨ ਦੇ ਲਈ ਪੰਜਾਬ ਸਰਕਾਰ ਦੁਆਰਾ ਆਨਲਾਈਨ ਕਰਫ਼ਿਊ ਪਾਸ ਜਾਰੀ ਕਰਨ ਦੀ ਸੁਵਿਧਾ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤੇ ਲੋਕ ਕਰਫ਼ਿਊ ਦੇ ਪਾਸ ਦੇ ਲਈ ਘਰ ਤੋਂ ਹੀ ਆਨਲਾਈਨ ਅਪਲਾਈ ਕਰ ਸਕਣਗੇ। ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਕਿਹਾ ਕਿ ਵੈੱਬਸਾਈਟ https://epass-covid19.pais.net.in/. ਤੇ ਅਪਲਾਈ ਕਰਕੇ ਕਰਫ਼ਿਊ ਪਾਸ ਪ੍ਰਾਪਤ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਲੋਕ ਕਰਫ਼ਿਊ ਦੇ ਦੌਰਾਨ ਬਾਹਰ ਜਾਣ ਦਾ ਯੋਗ ਕਾਰਨ ਅਤੇ ਆਪਣੇ ਵਿਵਰਨ ਅੱਪਲੋਡ ਕਰਨਗੇ ਜਿਸ ਤੋਂ ਬਾਅਦ ਉਨ੍ਹਾਂ ਨੂੰ ਪਾਸ ਜਾਰੀ ਕਰ ਦਿੱਤਾ ਜਾਵੇਗਾ ਅਤੇ ਪ੍ਰਿੰਟ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਹ ਘਰ ਤੋਂ ਹੀ ਇੱਕ ਸਿੰਗਲ ਕਲਿੱਕ ਤੋਂ ਆਨਲਾਈਨ ਕਰਫ਼ਿਊ ਪਾਸ ਪ੍ਰਾਪਤ ਕਰ ਸਕਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਫ਼ਿਊ ਪਾਸ ਨਾਲ ਸਬੰਧਤ ਆਨਲਾਈਨ ਸੁਵਿਧਾ ਪ੍ਰਦਾਨ ਕਰਨ ਦੇ ਲਈ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਰੁਪਿੰਦਰ ਪਾਲ ਸਿੰਘ, ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਰਾਜਰਿਸ਼ੀ ਮਹਿਰਾ, ਜ਼ਿਲ੍ਹਾ ਮੰਡੀ ਅਫ਼ਸਰ ਸਵਰਨ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਮਨਜੀਤ ਸਿੰਘ, ਜਨਰਲ ਮੈਨੇਜਰ ਉਦਯੋਗ ਸੈਂਟਰ ਸੁਸ਼ਮਾ ਕੁਮਾਰੀ ਅਤੇ ਡਰੱਗ ਇੰਸਪੈਕਟਰ ਅਨੁਰਾਗ ਆਪਣੇ ਅਧਿਕਾਰ ਖੇਤਰ ਵਿੱਚ ਆਨਲਾਈਨ ਕਰਫ਼ਿਊ ਪਾਸ ਜਾਰੀ ਕਰਨ ਦੇ ਲਈ ਸਮਰੱਥ ਅਥਾਰਟੀ ਹੋਣਗੇ।







**Paramjit Deol** Broker

**CELL: 416-993-7378**

7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated

Tel:905-405-8484

www.paramjitdeol.com

Email: pdeol3@yahoo.ca

"Your neighborhood broker, Call Paramjit Deol Today"

**Mississauga $749,000**
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Toronto $179,000**
barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**
Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**
Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**
Photo Not Available
10635 Bramalea Rd J-4:Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**
Photo Not Available
5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**
Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**
Photo Not Available
284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000**
7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000**
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**
15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**
Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**
Warden And Steeles:Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਨਿਯਮ-ਕਾਨੂੰਨ ਛਿੱਕੇ ਟੰਗ ਕੇ ਬੇਲਗ਼ਾਮ ਘੁੰਮ ਰਹੇ ਮੰਤਰੀਆਂ ਤੇ ਵਿਧਾਇਕਾਂ ਦੀ ਲਗਾਮ ਕਸਣ ਕੈਪਟਨ : ਭਗਵੰਤ ਮਾਨ

ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ): ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਮੰਗ ਕੀਤੀ ਹੈ ਕਿ ਉਹ ਕਰਫ਼ਿਊ ਦੌਰਾਨ ਨਿਯਮ-ਕਾਨੂੰਨ ਛਿੱਕੇ ਟੰਗ ਕੇ ਕਾਫ਼ਲਿਆਂ ਨਾਲ ਘੁੰਮ ਰਹੇ ਆਪਣੇ ਮੰਤਰੀਆਂ ਸਮੇਤ ਅਕਾਲੀ-ਕਾਂਗਰਸੀ ਵਿਧਾਇਕਾਂ ਨੂੰ ਟਿਕ ਕੇ ਬੈਠਣ ਲਈ ਪਾਬੰਦ ਕਰਨ।



ਪਾਰਟੀ ਹੈੱਡਕੁਆਟਰ ਵੱਲੋਂ ਜਾਰੀ ਬਿਆਨ ਰਾਹੀਂ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਇਸ ਗੱਲ 'ਤੇ ਸਖ਼ਤ ਇਤਰਾਜ਼ ਕਰਦਿਆਂ ਪੁੱਛਿਆ ਕਿ ਮੰਤਰੀ ਅਤੇ ਵਿਧਾਇਕਾਂ ਨੂੰ ਕਿਸ ਹੈਸੀਅਤ 'ਚ ਧਾਰਾ 144 ਅਤੇ ਕਰਫ਼ਿਊ ਦੀ ਉਲੰਘਣਾ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ?

ਭਗਵੰਤ ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਵਿਸ਼ਵ-ਵਿਆਪੀ ਪ੍ਰਕੋਪ ਕੋਰੋਨਾ-ਵਾਇਰਸ 'ਤੇ ਫ਼ਤਿਹ ਪਾਉਣ ਲਈ ਜ਼ੀਰੋ ਜਨ ਸੰਪਰਕ ਹੀ ਇਕਲੌਤਾ ਉਪਾਅ ਹੈ, ਕਿਉਂਕਿ ਅਜੇ ਤੱਕ ਇਸ ਜਾਨਲੇਵਾ ਬਿਮਾਰੀ 'ਤੇ ਕਾਬੂ ਪਾਉਣ ਲਈ ਕੋਈ ਦਵਾਈ ਜਾਂ ਵੈਕਸੀਨੇਸ਼ਨ ਨਹੀਂ ਬਣੀ। ਭਗਵੰਤ ਮਾਨ ਨੇ ਕਿਹਾ ਕਿ ਅਣਗਿਣਤ ਚੁਣੌਤੀਆਂ ਅਤੇ ਮੁਸ਼ਕਲਾਂ ਦੇ ਬਾਵਜੂਦ ਆਮ ਨਾਗਰਿਕ ਘਰਾਂ 'ਚ ਬੈਠ ਕੇ ਸਰਕਾਰਾਂ, ਡਾਕਟਰਾਂ ਅਤੇ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਦੀ ਸ਼ਲਾਘਾਯੋਗ ਪਾਲਨਾ ਕਰ ਰਹੇ ਹਨ, ਪਰੰਤੂ ਸੱਤਾਧਾਰੀ ਕਾਂਗਰਸ ਅਤੇ ਲੋਕਾਂ ਦੀ ਨਫ਼ਰਤ ਦਾ ਪਾਤਰ ਬਣੇ ਅਕਾਲੀ ਦਲ (ਬਾਦਲ) ਦੇ ਆਗੂ ਕਾਫ਼ਲੇ ਬੰਨ ਕੇ ਗਲੀਆਂ-ਮੁਹੱਲਿਆਂ 'ਚ ਘੁੰਮ ਰਹੇ ਹਨ, ਜੋ ਕਾਨੂੰਨ ਦੀ ਸ਼ਰੇਆਮ ਉਲੰਘਣਾ ਹੈ। ਇਸ ਲਈ ਗ਼ਰੀਬਾਂ ਅਤੇ ਲੋੜਵੰਦਾਂ ਦੇ ਨਾਮ 'ਤੇ ਬੇਹੱਦ ਹਲਕੀ ਅਤੇ ਹੋਛੀ ਸਿਆਸਤ ਕਰ ਰਹੇ ਇਨ੍ਹਾਂ ਡਰਾਮੇਬਾਜ਼ਾਂ ਨੂੰ ਨੱਥ ਪਾਈ ਜਾਵੇ।

'ਆਪ' ਆਗੂਆਂ ਨੇ ਕਿਹਾ ਕਿ ਗ਼ਰੀਬਾਂ ਤੇ ਲੋੜਵੰਦਾਂ ਦੀ ਮਦਦ ਰਾਸ਼ਨ ਵਾਲਾ ਥੈਲਾ ਦਿੰਦਿਆਂ ਦੀ ਫ਼ੋਟੋ ਸੋਸ਼ਲ ਮੀਡੀਆ 'ਤੇ ਪਾਏ ਬਗੈਰ ਘਰੇ ਬੈਠੇ-ਬਿਠਾਏ ਵੀ ਜ਼ਿਆਦਾ ਵਧੀਆ ਢੰਗ ਨਾਲ ਕੀਤੀ ਜਾ ਸਕਦੀ ਹੈ? ਚੀਮਾ ਨੇ ਕਿਹਾ ਕਿ ਇਹ ਦਿਖਾਵੇ ਦੀ ਮਦਦ ਹੋਛੀ ਸਿਆਸਤ ਚਮਕਾਉਣ ਲਈ ਹੈ, ਦੂਜੇ ਪਾਸੇ ਅਜਿਹਾ ਕਰਕੇ ਗ਼ਰੀਬਾਂ ਦੀ ਗ਼ਰੀਬੀ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ, ਜੋ ਨੈਤਿਕ ਤੌਰ 'ਤੇ ਬਿਲਕੁਲ ਸਹੀ ਨਹੀਂ ਹੈ। ਇਸ ਲਈ ਸਾਧੂ ਸਿੰਘ ਧਰਮਸੋਤ, ਵਿਜੈ ਇੰਦਰ ਸਿੰਗਲਾ, ਭਾਰਤ ਭੂਸ਼ਨ ਆਸ਼ੂ ਅਤੇ ਬਿਕਰਮ ਸਿੰਘ ਮਜੀਠੀਆ ਸਮੇਤ ਇਸ ਤਰਾਂ ਦੀ ਹਲਕੀ ਰਾਜਨੀਤੀ ਕਰ ਰਹੇ ਸਾਰੇ ਮੰਤਰੀਆਂ ਵਿਧਾਇਕਾਂ ਅਤੇ ਹੋਰ ਆਗੂਆਂ ਨੂੰ ਸਖ਼ਤੀ ਨਾਲ ਰੋਕਿਆ ਜਾਵੇ, ਕਿਉਂਕਿ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ।

ਚੀਮਾ ਨੇ ਕਿਹਾ ਕਿ ਹਰੇਕ ਲੀਡਰ ਨੂੰ ਆਪਣੇ ਹਲਕੇ ਅਤੇ ਇਲਾਕੇ ਦੇ ਗ਼ਰੀਬਾਂ ਅਤੇ ਲੋੜਵੰਦਾਂ ਬਾਰੇ ਲਗਭਗ ਜਾਣਕਾਰੀ ਹੁੰਦੀ ਹੈ ਅਤੇ ਅਜਿਹੇ ਜ਼ਰੂਰਤਮੰਦਾਂ ਬਾਰੇ ਆਪਣੇ ਸਥਾਨਕ ਆਗੂਆਂ, ਪੰਚਾਂ, ਸਰਪੰਚਾਂ, ਨੰਬਰਦਾਰਾਂ ਜਾਂ ਹੋਰ ਮੋਹਤਵਰਾਂ ਕੋਲੋਂ ਪਾਰਟੀਬਾਜ਼ੀ ਤੋਂ ਉੱਤੇ ਉੱਠ ਕੇ ਸੂਚੀ ਤਿਆਰ ਕਰਵਾਈ ਜਾ ਸਕਦੀ ਹੈ, ਜਿਨ੍ਹਾਂ ਨੂੰ ਪ੍ਰਸ਼ਾਸਨ ਰਾਹੀਂ ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਮੁਹੱਈਆ ਕਰਨਾ ਸਾਰੇ ਆਗੂਆਂ ਅਤੇ ਜਨ ਨੁਮਾਇੰਦਿਆਂ ਦਾ ਅਸਲੀ ਫ਼ਰਜ਼ ਹੈ, ਜੋ ਆਪਣੇ-ਆਪਣੇ ਘਰਾਂ 'ਚੋਂ ਬਾਖ਼ੂਬੀ ਕੀਤਾ ਜਾ ਸਕਦਾ ਹੈ।

ਚੀਮਾ ਨੇ ਨਾਭਾ 'ਚ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਸਿਆਸੀ ਵਿਤਕਰੇਬਾਜ਼ੀ ਤਹਿਤ ਵੰਡੇ ਜਾ ਰਹੇ ਰਾਸ਼ਨ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇੱਕ ਮੰਤਰੀ ਨੂੰ ਇਹ ਸੋਭਾ ਨਹੀਂ ਦਿੰਦਾ ਕਿ ਉਹ ਵਿਤਕਰੇਬਾਜ਼ੀ ਰਾਹੀਂ ਪਹਿਲਾਂ ਖ਼ੁਦ ਰਾਸ਼ਨ ਵੰਡੇ ਅਤੇ ਫਿਰ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਗ਼ਰੀਬ ਲੋਕਾਂ 'ਤੇ ਮੁਕੱਦਮੇ ਦਰਜ ਕਰਵਾਏ। ਚੀਮਾ ਨੇ ਪਾਰਟੀ ਦੇ ਨਾਭਾ ਤੋਂ ਹਲਕਾ ਪ੍ਰਧਾਨ ਦੇਵ ਮਾਨ ਦੇ ਹਵਾਲੇ ਨਾਲ ਕਿਹਾ ਕਿ ਅੱਧੀ ਦਰਜਨ ਤੋਂ ਵੱਧ ਲੋਕਾਂ 'ਤੇ ਧਾਰਾ 144 ਤੋੜਨ ਸਮੇਤ ਕਈ ਹੋਰ ਦੋਸ਼ਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਚੀਮਾ ਨੇ ਇਸ ਪੂਰੇ ਮਾਮਲੇ ਦੀ ਸਮਾਂਬੱਧ ਨਿਆਇਕ ਜਾਂਚ ਦੀ ਮੰਗ ਕਰਦੇ ਹੋਏ ਸਵਾਲ ਉਠਾਇਆ ਕਿ ਜੇਕਰ ਆਮ ਲੋਕਾਂ 'ਤੇ ਧਾਰਾ 144 ਤਹਿਤ ਮਾਮਲਾ ਦਰਜ਼ ਕੀਤਾ ਜਾ ਸਕਦਾ ਹੈ ਤਾਂ ਭਾਰੀ-ਭਰਕਮ ਲਾਮ ਲਸ਼ਕਰ ਨਾਲ ਨਾਭੇ ਦੀਆਂ ਗਲੀਆਂ 'ਚ ਘੁੰਮ ਰਹੇ ਸਾਧੂ ਸਿੰਘ ਧਰਮਸੋਤ 'ਤੇ ਧਾਰਾ 144 ਤਹਿਤ ਮੁਕੱਦਮਾ ਕਿਉਂ ਨਹੀਂ ਦਰਜ਼ ਕੀਤਾ ਗਿਆ।

# ਡੀ.ਸੀ. ਵੱਲੋਂ ਰੈੱਡਕਰਾਸ ਕੋਵਿਡ-19 ਫੰਡ ’ਚ ਦਾਨ ਦੇਣ ਲਈ ਕੀਤੀ ਅਪੀਲ

ਫਿਰੋਜਪੁਰ, 30 ਮਾਰਚ (ਗਿਆਨ ਸਿੰਘ): ਕਰੋਨਾ ਵਾਇਰਸ ਦੇ ਖਿਲਾਫ ਚੱਲ ਰਹੀ ਜੰਗ ਵਿੱਚ ਲੋਕਾਂ ਤੱਕ ਮਦਦ ਪਹੁੰਚਾਉਣ ਦੀ ਮੁਹਿੰਮ ਨੂੰ ਮਜਬੂਤੀ ਪ੍ਰਦਾਨ ਕਰਨ ਲਈ ਸੋਮਵਾਰ ਨੂੰ ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਨੇ ਦਾਨੀ ਸਜਨਾਂ ਨੂੰ ਜਿਲਾ ਰੇਡਕਰਾਸ ਸੋਸਾਇਟੀ ਦੇ ਕੋਵਿਡ-19 ਫੰਡ ਵਿਚ ਵੱਧ ਤੋਂ ਵੱਧ ਦਾਨ ਦੇਣ ਦੀ ਅਪੀਲ ਕੀਤੀ ਹੈ।

ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਨੇ ਕੋਵਿਡ-19 ਰਾਹਤ ਫੰਡ ਦੀ ਡਿਟੇਲ ਸਾਂਝੀ ਕਰਦਿਆਂ ਕਿਹਾ ਕਿ ਜਰੂਰਤਮੰਦ ਲੋਕਾਂ ਤੱਕ ਰਾਸ਼ਨ, ਬੀਮਾਰ ਲੋਕਾਂ ਤੱਕ ਦਵਾਈਆਂ ਅਤੇ ਅਤੇ ਹੋਰ ਜਰੂਰੀ ਵਸਤਾਂ ਪਹੁੰਚਾਣ ਲਈ ਜਿਲਾ ਰੇਡਕਰਾਸ ਸੋਸਾਇਟੀ ਵੱਲੋਂ ਕੋਵਿਡ - 19 ਰਾਹਤ ਫੰਡ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਸਾਰਿਆਂ ਦੀ ਇਹ ਜ਼ਿੰਮੇਦਾਰੀ ਬਣਦੀ ਹੈ ਕਿ ਵੱਧ -ਚੜ ਕੇ ਸਹਿਯੋਗ ਕਰੀਏ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਮਦਦ ਪਹੁੰਚਾਈ ਜਾ ਸਕੇ। ਉਨ੍ਹਾਂ ਕਿਹਾ ਕਿ ਦਾਨੀ ਸਜਨ ਰੈੱਡ ਕਰਾਸ ਦੇ ਐਚਡੀਐਫਸੀ ਬੈਂਕ ਫਿਰੋਜ਼ਪੁਰ ਦੇ ਅਕਾਉਂਟ ਨੰਬਰ 50100320316941, ਆਈਐਫਐਸਸੀ ਕੋਡ ਐਚਡੀਐਫਸੀ0000301 ਵਿੱਚ ਆਪਣਾ ਸਹਿਯੋਗ ਦੇ ਸੱਕਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਕਰਫਿਉ ਵਰਗੇ ਹਾਲਾਤਾਂ ਵਿੱਚ ਦਿਹਾੜੀਦਾਰ, ਰਿਕਸ਼ਾ ਚਾਲਕ, ਰੇਹੜੀ ਚਾਲਕ, ਮਜਦੂਰ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ, ਜੋਕਿ ਰੋਜਾਨਾ ਦੀ ਕਮਾਈ ਨਾਲ ਆਪਣੇ ਪਰਵਾਰ ਨੂੰ ਰੋਟੀ ਖਵਾਉਂਦੇ ਹਨ। ਬੇਸ਼ੱਕ ਸਰਕਾਰ ਵੱਲੋਂ ਲੋਕਾਂ ਤੱਕ ਜਰੂਰੀ ਵਸਤਾਂ ਪਹੁੰਚਾਣ ਲਈ ਕਈ ਕਦਮ ਚੁੱਕੇ ਗਏ ਹਨ ਪਰ ਫਿਰ ਵੀ ਸਾਮਾਜਕ ਪੱਧਰ ਉੱਤੇ ਸਾਡੀ ਵੀ ਜ਼ਿੰਮੇਵਾਰੀ ਹੈ ਕਿ ਅਸੀ ਜਰੂਰਤਮੰਦ ਲੋਕਾਂ ਲਈ ਅੱਗੇ ਆਇਏ। ਇਸੇ ਲਈ ਜਿਲਾ ਪਧਰ ਤੇ ਇਸ ਫੰਡ ਨੂੰ ਤਿਆਰ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ-19 ਦੇ ਰਾਹਤ ਕਾਰਜ ਲਈ ਬਣਾਏ ਉਪਰੋਕਤ ਅਕਾਉਂਟ ਵਿਚ ਵੱਧ ਤੋਂ ਵੱਧ ਦਾਨ ਕਰਨ ਤਾਂ ਜੋ ਹਰ ਜ਼ਰੂਰਤਮੰਦ ਇਨਸਾਨ ਦੀ ਮੱਦਦ ਕੀਤੀ ਜਾ ਸਕੇ। ਇਸ ਰਾਹਤ ਫੰਡਾਂ ਲਈ ਡਿਪਟੀ ਕਮਿਸ਼ਨਰ ਸਮੇਤ ਹੋਰ ਅਧਿਕਾਰੀਆਂ ਵੱਲੋਂ ਵੀ ਆਪਣੀ 5 ਦਿਨਾਂ ਦੀ ਤਨਖਾਹ ਦਾਨ ਦਿੱਤੀ ਗਈ ਹੈ।



NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132''
88''
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6




We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741




Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਫੌਜ ਤੋਂ ਮਦਦ ਲੈਣ ਦੀ ਕੀਤੀ ਜਾ ਰਹੀ ਹੈ ਤਿਆਰੀ : ਟਰੂਡੋ

...ਪੰਨਾ 1 ਦਾ ਬਾਕੀ

ਸੋਮਵਾਰ ਨੂੰ ਟਰੂਡੋ ਨੇ ਆਖਿਆ ਕਿ ਕੋਈ ਵੀ ਕਾਰੋਬਾਰ, ਜਿਸ ਦੀ ਆਮਦਨ ਵਿੱਚ 30 ਫੀ ਸਦੀ ਜਾਂ ਵਧ ਦੀ ਗਿਰ-ਾਵਟ ਆਈ ਹੈ, 75 ਫੀ ਸਦੀ ਵੇਜ ਸਬਸਿਡੀ ਲਈ ਯੋਗ ਹੈ। ਫਿਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਚੈਰਿਟੀਜ਼ ਤੇ ਗੈਰ ਮੁਨਾਫੇ ਵਾਲੀਆਂ ਸੰਸਥਾਵਾਂ ਵੀ ਇਸ ਸਬਸਿਡੀ ਲਈ ਅਪਲਾਈ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਟਰੂਡੋ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਇਸ ਪ੍ਰੋਗਰਾਮ ਦੀ ਕਿਸੇ ਵੀ ਕਾਰੋਬਾਰ ਵੱਲੋਂ ਦੁਰਵਰਤੋਂ ਨਾ ਕੀਤੀ ਜਾਵੇ। ਅਜਿਹਾ ਕਰਨ ਵਾਲੇ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਇੱਥੇ ਦੱਸਣਾ ਬਣਦਾ ਹੈ ਕਿ ਆਮ ਹਾਲਾਤ ਵਿੱਚ ਸੋਮਵਾਰ ਨੂੰ ਵਿੱਤ ਮੰਤਰੀ ਬਿੱਲ ਮੌਰਨੀਊ ਵੱਲੋਂ ਸਾਲ 2020 ਦਾ ਫੈਡਰਲ ਬਜਟ ਪੇਸ਼ ਕੀਤਾ ਜਾਣਾ ਸੀ ਪਰ ਹੁਣ ਅਜਿਹਾ ਨਹੀਂ ਹੋ ਰਿਹਾ। ਹਾਲਾਂਕਿ ਮੰਗਲਵਾਰ ਨੂੰ ਮੌਰਨਿਊ ਹੁਣ ਤੱਕ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਬੰਧੀ ਹੋਏ ਖਰਚੇ ਬਾਰੇ ਤਫਸੀਲ ਨਾਲ ਜਾਣਕਾਰੀ ਦੇਣਗੇ। ਇਸ ਦੌਰਾਨ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸਾਰੇ ਦੇਸ਼ ਵਾਸੀਆਂ ਨੂੰ ਸੁਨੇਹਾ ਦਿੱਤਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਬਹੁਤ ਮੁਸ਼ਕਲ ਸਮਾਂ ਹੈ ਪਰ ਸਾਨੂੰ ਸਾਰਿਆਂ ਨੂੰ ਆਪਣੇ ਇਰਾਦੇ ਦ੍ਰਿੜ ਰੱਖਣੇ ਹੋਣਗੇ ਤੇ ਆਪਣੇ ਘਰਾਂ ਵਿੱਚ ਹੀ ਰਹਿਣਾ ਹੋਵੇਗਾ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਚੰਗੀ ਤਰ੍ਹਾਂ ਮੁਲਾਂਕਣ ਕਰਕੇ ਹੀ ਚੀਨ ਤੋਂ ਲਵਾਂਗੇ ਮਾਸਕਸ ਤੇ ਮੈਡੀਕਲ ਸਪਲਾਈ

ਟੋਰਾਂਟੋ, 30 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਹੈਲਥ ਕੈਨੇਡਾ ਇਹ ਯਕੀਨੀ ਬਣਾਵੇਗਾ ਕਿ ਚੀਨ ਤੋਂ ਆਉਣ ਵਾਲੇ ਮਾਸਕਸ ਤੇ ਮੈਡੀਕਲ ਸਾਜ਼ੋ ਸਮਾਨ ਦਾ ਚੰਗੀ ਤਰ੍ਹਾਂ ਮੁਲਾਂਕਣ ਹੋਵੇ। ਇਹ ਐਲਾਨ ਉਦੋਂ ਆਇਆ ਜਦੋਂ ਡਚ ਸਰਕਾਰ ਵੱਲੋਂ ਕਥਿਤ ਤੌਰ ਉੱਤੇ ਚੀਨ ਤੋਂ ਇੰਪੋਰਟ ਕੀਤੇ ਗਏ 600,000 ਨੁਕਸ ਵਾਲੇ ਮਾਸਕ ਵਾਪਿਸ ਮੰਗਵਾ ਲਏ।




ਆਪਣੀ ਓਟਵਾ ਸਥਿਤ ਰਿਹਾਇਸ਼ ਦੇ ਬਾਹਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਕੈਨੇਡਾ ਹੋਰ ਮੈਡੀਕਲ ਸਪਲਾਈਜ਼ ਚੀਨ ਤੋਂ ਮੰਗਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕੈਨੇਡਾ ਦੇ ਲੋਕਾਂ ਨੂੰ ਇਹ ਭਰੋਸਾ ਵੀ ਦਿਵਾਇਆ ਕਿ ਹੈਲਥ ਕੈਨੇਡਾ ਕੋਲ ਮੁਲਾਂਕਣ ਕਰਨ ਲਈ ਬਹੁਤ ਹੀ ਦਮਦਾਰ ਪ੍ਰਕਿਰਿਆ ਹੈ ਤੇ ਇਸ ਮਾਮਲੇ ਵਿੱਚ ਕੋਈ ਵੀ ਲਿਹਾਜ ਨਹੀਂ ਕੀਤੀ ਜਾਵੇਗੀ।

ਇਹ ਵੀ ਪਤਾ ਲੱਗਿਆ ਹੈ ਕਿ ਹਾਲੈਂਡ ਦੇ ਹੈਲਥ ਮੰਤਰੀ ਨੇ ਆਪਣੇ ਹਸਪਤਾਲਾਂ ਨੂੰ ਉਹ ਮਾਸਕ ਪਰਤਾਉਣ ਲਈ ਆਖਿਆ ਹੈ ਜਿਨ੍ਹਾਂ ਨੂੰ ਲਾ ਕੇ ਫਰੰਟਲਾਈਨ ਵਰਕਰਜ਼ ਕੋਵਿਡ-19 ਮਰੀਜ਼ਾਂ ਦਾ ਇਲਾਜ ਕਰ ਰਹੇ ਹਨ। ਸ਼ਨਿੱਚਰਵਾਰ ਨੂੰ ਓਟਵਾ ਸਥਿਤ ਚੀਨ ਦੀ ਅੰਬੈਸੀ ਨੇ ਆਖਿਆ ਸੀ ਕਿ ਚੀਨ ਵੱਲੋਂ 30,000 ਮੈਡੀਕਲ ਮਾਸਕਸ, 10,000 ਸੈੱਟ ਪ੍ਰੋਟੈਕਟਿਵ ਕਲੋਦਿੰਗ, 10,000 ਗੌਗਲਜ਼ ਤੇ 50,000 ਜੋੜੀ ਦਸਤਾਨੇ ਸ਼ੁੱਕਰਵਾਰ ਨੂੰ ਕੈਨੇਡਾ ਭੇਜੇ ਗਏ ਸਨ। ਅੰਬੈਸੀ ਨੇ ਇਹ ਵੀ ਆਖਿਆ ਕਿ ਇਸ ਸਮਾਨ ਦੀ ਖੇਪ ਤੋਂ ਬਾਅਦ ਐਨ95 ਮਾਸਕਸ ਦੀ ਖੇਪ ਵੀ ਆਉਣ ਵਾਲੀ ਹੈ।

# ਫੂਡ ਪ੍ਰੋਸੈਸਿੰਗ ਮੰਤਰਾਲੇ ਨੇ ਇੰਡਸਟਰੀ ਦੀਆਂ ਸਮਸਿਆਵਾਂ ਹੱਲ ਕਰਨ ਲਈ ਟਾਸਕ ਫੋਰਸ ਬਣਾਈ : ਹਰਸਿਮਰਤ

ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ): ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਬੀਬਾ ਹਰਸਿਮ-ਰਤ ਕੌਰ ਬਾਦਲ ਨੇ ਅੱਜ ਇੰਡਸਟਰੀ ਦੇ ਨੁਮਾਇਦਿਆਂ ਨੂੰ ਭਰੋਸਾ ਦਿਵਾਇਆ ਹੈ ਕਿ ਮੌਜੂਦਾ ਤਾਲਾਬੰਦੀ ਕਰਕੇ ਫੂਡ ਪ੍ਰੋਸੈਸਿੰਗ ਅਤੇ ਅਨਸਿਲਰੀ ਉਦਯੋਗਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਇੱਕ ਟਾਸਕ ਫੋਰਸ ਕਾਇਮ ਕਰ ਦਿੱਤੀ ਗਈ ਹੈ।

ਵੱਡੇ ਉਦਯੋਗਿਕ ਘਰਾਣਿਆਂ ਜਿਵੇਂ ਸੀਆਈਆਈ, ਐੱਫਆਈਸੀਸੀਆਈ, ਐਸੋਚੈਮ, ਪੀਐਚਡੀਸੀਸੀਆਈ, ਏਆਈਐਫਪੀਏ, ਆਈਸੀਸੀ, ਫਾਈਨਰ ਅਤੇ ਡੀਆਈਸੀਸੀਆਈ ਨਾਲ ਇੱਕ ਵੀਡਿਓ ਕਾਨਫਰੰਸ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਟਾਸਕ ਫੋਰਸ ਵਿਚ ਫੂਡ ਪ੍ਰੋਸੈਸਿੰਗ ਮੰਤਰਾਲੇ ਦੇ ਸਾਰੇ ਸੀਨੀਅਰ ਅਧਿਕਾਰੀਆਂ ਅਤੇ ਨਿਵੇਸ਼ ਭਾਰਤ ਦੇ ਮੈਂਬਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸ ਟੀਮ ਕੋਲ ਹੁਣ ਤਕ ਆਏ 222 ਮਸਲਿਆਂ ਵਿੱਚੋਂ 98 ਨੂੰ ਹੱਲ ਕਰ ਦਿੱਤਾ ਗਿਆ ਹੈ ਅਤੇ ਬਾਕੀ ਵਿਚਾਰ ਅਧੀਨ ਹਨ।

ਇਸ ਵੀਡਿਓ ਕਾਨਫਰੰਸ ਦੌਰਾਨ ਇੰਡਸਟਰੀ ਦੇ ਪ੍ਰਤੀਨਿਧਾਂ ਨੇ ਦੱਸਿਆ ਕਿ ਬੇਸ਼ੱਕ ਜਰੂਰੀ ਵਸਤਾਂ ਦੇ ਉਤਪਾਦਨ ਅਤੇ ਢੋਅ-ਢੁਆਈ ਦੀ ਆਗਿਆ ਦੇਣ ਲਈ ਸੂਬਾ ਸਰਕਾਰਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ , ਪਰ ਸੂਬਾ ਸਰਕਾਰਾਂ ਦੁਆਰਾ ਉਹਨਾਂ ਨੂੰ ਵੱਖ ਵੱਖ ਰਸਤਿਆਂ ਉੱਤੇ ਰੋਕਿਆ ਜਾ ਰਿਹਾ ਹੈ। ਉਨ੍ਹਾਂ ਨੇ ਖੁਰਾਕੀ ਵਸਤਾਂ ਦੇ ਉਤਪਾਦਨ ਅਤੇ ਢੋਅ-ਢੁਆਈ ਸੰਬੰਧੀ ਸਾਰੇ ਰਾਜਾਂ ਲਈ ਇੱਕ ਸਾਂਝਾ ਸਿਸਟਮ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਨੂੰ ਫੈਕਟਰੀ ਬੰਦ ਕਰਨ, ਵੇਅਰ ਹਾਊਸ ਚਲਾਉਣ ਦੀ ਆਗਿਆ ਲੈਣ, ਇੱਕ ਥਾਂ ਤੋਂ ਦੂਜੇ ਥਾਂ ਉੱਤੇ ਜਾਣ ਅਤੇ ਉਦਯੋਗਾਂ ਦੀ ਮੈਨੇਜਮੈਂਟ ਸੰਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਡਸਟਰੀ ਪ੍ਰਤੀਨਿਧੀਆਂ ਨੇ ਇਹ ਵੀ ਦੱਸਿਆ ਕਿ ਉਤਪਾਦਨ ਚੱਲਦਾ ਰੱਖਣ ਲਈ ਲੋੜੀਂਦੀ ਲੇਬਰ ਮੌਜੂਦ ਨਹੀਂ ਹੈ ਅਤੇ ਢੋਅ-ਢੁਆਈ ਲਈ ਵਾਹਨਾਂ ਦੀ ਵੀ ਕਮੀ ਹੈ। ਉਹਨਾਂ ਇਹ ਵੀ ਅਪੀਲ ਕੀਤੀ ਕਿ ਦੇਸ਼ ਭਰ ਵਿਚ ਕਰਿਆਨਾ ਸਟੋਰਾਂ ਨੂੰ ਖੋਲ੍ਹਣ ਦੀ ਆਗਿਆ ਦਿੱਤੀ ਜਾਵੇ ਤਾਂ ਕਿ ਖੁਰਾਕੀ ਵਸਤਾਂ ਦੀ ਕੜੀ ਅੱਗੇ ਤੁਰ ਪਏ।

ਹਰਸਿਮਰਤ ਨੇ ਕਿਹਾ ਕਿ ਉਹ ਇਹ ਸੁਝਾਅ ਅੱਗੇ ਰੱਖਣਗੇ ਕਿ ਫੂਡ ਇੰਡਸਟਰੀ ਵਿਚ ਕੰਮ ਕਰਦੇ ਕਾਮਿਆਂ ਨੂੰ ਬਾਕੀ ਕਾਮਿਆਂ ਵਾਂਗ ਮੰਨਿਆ ਜਾਵੇ ਅਤੇ ਉਹਨਾਂ ਦਾ 50 ਲੱਖ ਰੁਪਏ ਦਾ ਬੀਮਾ ਕੀਤਾ ਜਾਵੇ। ਉਹਨਾਂ ਕਿਹਾ ਕਿ ਫੂਡ ਪ੍ਰੋਸੈਸਿੰਗ ਇੰਡਸਟਰੀ ਲਈ ਖੁਰਾਕੀ ਵਸਤਾਂ ਦੀ ਨਿਰਵਿਘਨ ਸਪਲਾਈ ਅਤੇ ਕੱਚੇ ਮਾਲ ਦੀ ਪ੍ਰਾਪਤੀ ਲਈ ਟਰਾਂਸਪੋਰਟ ਯੂਨੀਅਨਾਂ ਨਾਲ ਗੱਲਬਾਤ ਸ਼ੁਰੂ ਕੀਤੀ ਜਾਵੇਗੀ। ਉਹਨਾਂ ਇੰਡਸਟਰੀ ਨੁਮਾਇਦਿਆਂ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਵੱਲੋਂ ਦਿੱਤੇ ਸਾਰੇ ਸੁਝਾਵਾਂ ਅਤੇ ਸ਼ਿਕਾਇਤਾਂ ਦਾ ਉਹ ਪੰਜ ਦਿਨਾਂ ਦੇ ਅੰਦਰ ਮੁਲੰਕਣ ਕਰਨਗੇ।

ਨੈਸਲੇ ਦੇ ਸੀਐਮਡੀ ਸੁਰੇਸ਼ ਨਾਰਾਇਣ ਨੇ ਕਿਹਾ ਕਿ ਉਹਨਾਂ ਦੀ ਕੰਪਨੀ ਨੇ ਤਾਲਾਬੰਦੀ ਦੌਰਾਨ 1.10 ਲੱਖ ਲੀਟਰ ਦੁੱਧ ਦੀ ਪ੍ਰੋਸੈਸਿੰਗ ਕਰਕੇ ਮੋਗਾ ਜ਼ਿਲ੍ਹੇ ਦੇ ਪਸ਼ੂ ਪਾਲਕਾਂ ਦੀ ਮੱਦਦ ਕੀਤੀ ਹੈ ਅਤੇ ਦੁੱਧ ਦਾ ਇਕ ਤੁਪਕਾ ਵੀ ਖਰਾਬ ਨਹੀਂ ਹੋਣ ਦਿੱਤਾ ਹੈ।

# ਰੋਜ਼ਾਨਾ ਵਰਤੋਂ ਦੀਆਂ ਸਾਰੀਆਂ ਵਸਤਾਂ, ਦਵਾਈਆਂ ਆਦਿ ਬਾਜ਼ਾਰ ਵਿਚ ਮੌਜੂਦ : ਡੀ.ਸੀ.

ਅੰਮ੍ਰਿਤਸਰ, 30 ਮਾਰਚ : 'ਕੋਰੋਨਾ ਵਾਇਰਸ ਦੇ ਪ੍ਰਭਾਵ ਨੂੰ ਖ਼ਤਮ ਕਰਨ ਅਤੇ ਜ਼ਿਲਾ ਵਾਸੀਆਂ ਨੂੰ ਇਸ ਬਿਮਾਰੀ ਦੀ ਲਪੇਟ ਵਿੱਚ ਆਉਣ ਤੋਂ ਬਚਾਉਣ ਲਈ ਲਗਾਏ ਗਏ ਕਰਫਿਊ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਰੂਰੀ ਵਸਤਾਂ ਦੀ ਸਪਲਾਈ ਸ਼ੁਰੂ ਕਰਵਾਈ ਜਾ ਚੁੱਕੀ ਹੈ। ਅਖਬਾਰ ਤੋਂ ਲੈ ਕੇ ਨਿਤ ਵਰਤੋਂ ਦੀਆਂ ਸਾਰੀਆਂ ਵਸਤਾਂ, ਦਵਾਈਆਂ ਆਦਿ ਬਾਜ਼ਾਰ ਵਿਚ ਮੌਜੂਦ ਹਨ, ਸੋ ਲੋਕ ਬਿਨਾਂ ਕਿਸੇ ਲੋੜ ਤੋਂ ਦੁਕਾਨਾਂ ਤੋਂ ਖਰੀਦਦਾਰੀ ਕਰਕੇ ਭੰਡਾਰ ਨਾ ਕਰਨ ਅਤੇ ਨਾ ਹੀ ਦੁਕਾਨਾਂ ਉਤੇ ਭੀੜ ਪਾਉਣ। ਬੁਹਤਾ ਸਾਮਾਨ ਲੋਕਾਂ ਨੂੰ ਘਰਾਂ ਵਿੱਚ ਹੀ ਮਿਲ ਰਿਹਾ ਹੈ, ਤਾਂ ਕਿ ਲੋਕ ਬਾਹਰ ਨਾ ਨਿਕਲਣ ਕਿਉਂਕਿ ਇਸ ਬਿਮਾਰੀ ਤੋਂ ਬਚਣ ਦਾ ਇੱਕੋ ਹੀ ਰਸਤਾ ਹੈ ਕਿ ਇਸ ਵਾਇਰਸ ਦੀ ਚੇਨ ਨੂੰ ਤੋੜਨਾ, ਇਹ ਤਾਂ ਹੀ ਸੰਭਵ ਹੈ ਕਿ ਜੇਕਰ ਲੋਕ ਦੇ ਘਰਾਂ ਵਿੱਚ ਰਹਿਣ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿਲੋਂ ਨੇ ਕੀਤਾ।

# ਓਨਟਾਰੀਓ ਵਿੱਚ ਕੋਵਿਡ-19 ਕਾਰਨ ਹੋਈਆਂ 10 ਹੋਰ ਮੌਤਾਂ

...ਪੰਨਾ 1 ਦਾ ਬਾਕੀ

ਲੈਂਬਟਨ ਵਿੱਚ ਦੋ ਮੌਤਾਂ ਹੋਈਆਂ ਹਨ ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਆਪਣੇ 70ਵਿਆਂ ਵਿੱਚ ਸੀ ਤੇ ਦੂਜਾ ਆਪਣੇ 80ਵਿਆਂ ਵਿੱਚ ਸੀ। ਇੱਕ ਵਿਅਕਤੀ ਹਲਡੀਮੰਡ-ਨੌਰਫੋਕ ਵਿੱਚ ਮਰਿਆ ਜਦਕਿ ਇੱਕ ਹੋਰ ਵਿਅਕਤੀ, ਜੋ ਕਿ ਆਪਣੇ 60ਵਿਆਂ ਵਿੱਚ ਸੀ, ਦੀ ਮੌਤ ਹੁਰੌਨ-ਪਰਥ ਵਿੱਚ ਹੋਈ।

ਸੋਮਵਾਰ ਨੂੰ ਹੈਲੀਬਰਟਨ, ਕਵਾਰਥਾ, ਪਾਈਨ ਰਿਜ ਡਿਸਟ੍ਰਿਕਟ ਹੈਲਥ ਯੂਨਿਟ ਨੇ ਆਖਿਆ ਕਿ ਬੌਬਕੇਜੀਓਨ ਵਿੱਚ ਲਾਂਗ ਟਰਮ ਕੇਅਰ ਦੇ ਸੱਤ ਵਾਸੀਆਂ ਦੀ ਕੋਵਿਡ-19 ਕਾਰਨ ਮੌਤ ਹੋ ਗਈ। ਇਹ ਜਾਣਕਾਰੀ ਵੀ ਹਾਸਲ ਹੋਈ ਹੈ ਕਿ ਓਨਟਾਰੀਓ ਵਿੱਚ ਕੋਵਿਡ-19 ਦੇ 100 ਮਰੀਜ਼ ਇੰਟੈਂਸਿਵ ਕੇਅਰ ਵਿੱਚ ਹਨ ਜਦਕਿ ਇਨ੍ਹਾਂ ਵਿੱਚੋਂ 61 ਮਰੀਜ਼ ਵੈਂਟੀਲੇਟਰਜ਼ ਉੱਤੇ ਹਨ।

# ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ/ਵਿਦੇਸ਼ੀ ਯਾਤਰੂਆਂ ਦੀ ਸਹੂਲਤ ਲਈ ਸਵੈ-ਘੋਸ਼ਣਾ ਫਾਰਮ ਜਾਰੀ

ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ): ਪੰਜਾਬ ਨੂੰ ਸੁਰੱਖਿਅਤ ਰੱਖਣ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਉਨ੍ਹਾਂ ਐਨ.ਆਰ.ਆਈ. ਅਤੇ ਵਿਦੇਸ਼ੀ ਯਾਤਰੂਆਂ ਲਈ ਸਵੈ-ਘੋਸ਼ਣਾ ਫਾਰਮ ਜਾਰੀ ਕੀਤਾ ਹੈ ਜੋ ਕਿ 30 ਮਾਰਚ 2020 ਤੋਂ ਬਾਅਦ ਪੰਜਾਬ ਵਿੱਚ ਦਾਖਲ ਹੋਏ ਹਨ ਪਰ ਉਨਾਂ ਅਜੇ ਤੱਕ ਹਾਲੇ ਤੱਕ ਵੀ ਡਿਪਟੀ ਕਮਿਸ਼ਨਰ, ਸਿਵਲ ਸਰਜਨ, ਸਿਹਤ ਵਿਭਾਗ ਜਾਂ ਪੁਲਿਸ ਦੇ ਦਫਤਰਾਂ ਨਾਲ ਵੇਰਵੇ ਭੇਜਣ ਬਾਰੇ ਸੰਪਰਕ ਨਹੀਂ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ 30 ਮਾਰਚ 2020 ਤੋਂ ਬਾਅਦ ਪੰਜਾਬ ਵਿੱਚ ਦਾਖਲ ਹੋਏ ਬਹੁਤੇ ਪ੍ਰਵਾਸੀ ਭਾਰਤੀਆਂ ਨੇ ਆਪਣੇ ਜਿਲੇ ਵਿੱਚ ਸਬੰਧਤ ਅਥਾਰਟੀ ਨੂੰ ਜਾਣੂ ਕਰਵਾ ਦਿੱਤਾ ਹੈ। ਉਨਾਂ ਕਿਹਾ ਕਿ ਜਿੰਨਾਂ ਪ੍ਰਵਾਸੀ ਭਾਰਤੀਆਂ/ਵਿਦੇਸ਼ੀ ਯਾਤਰੀਆਂ ਦੀ ਹਾਲੇ ਤੱਕ ਵੀ ਡਿਪਟੀ ਕਮਿਸ਼ਨਰ, ਸਿਵਲ ਸਰਜਨ, ਸਿਹਤ ਵਿਭਾਗ ਜਾਂ ਪੁਲਿਸ ਦੇ ਦਫਤਰਾਂ ਦੁਆਰਾ ਤਸਦੀਕ ਨਹੀਂ ਹੋਈ ਉਨਾਂ ਲਈ ਇਹ ਸਵੈ-ਘੋਸ਼ਣਾ ਫਾਰਮ ਜਾਰੀ ਕੀਤਾ ਹੈ। ਉਨਾਂ ਕਿਹਾ ਕਿ ਅਜਿਹੇ ਪ੍ਰਵਾਸੀ ਭਾਰਤੀ ਤੇ ਵਿਦੇਸ਼ੀ ਯਾਤਰੂ ਇਹ ਸਵੈ-ਘੋਸ਼ਣਾ ਫਾਰਮ 'ਡਾਇਲ -112' ਨੈਸ਼ਨਲ ਐਮਰਜੈਂਸੀ ਰਿਸਪਾਂਸ ਸਿਸਟਮ (ਈਆਰਐਸਐਸ) ਵਿਖੇ ਤੁਰੰਤ ਜਮਾ ਕਰਵਾ ਦੇਣ।

# ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਕੋਰੋਨਾ ਵਾਇਰਸ ਤੋ ਬਚਾਅ ਲਈ ਕਰਵਾਏ ਜਾ ਰਹੇ ਕੰਮ

ਫਿਰੋਜ਼ਪੁਰ 30 ਮਾਰਚ (ਗਿਆਨ ਸਿੰਘ) ਕਰੋਨਾ ਵਾਇਰਸ ਦੇ ਪ੍ਰਕੋਪ ਤੋ ਬਚਾਅ ਲਈ ਜਿੱਥੇ ਸਿਹਤ ਵਿਭਾਗ ਤੇ ਪੁਲਿਸ ਵਿਭਾਗ ਵੱਲੋਂ ਦਿਨ-ਰਾਤ ਮਿਹਨਤ ਨਾਲ ਕੰਮ ਕੀਤਾ ਜਾ ਰਿਹਾ ਹੈ, ਉੱਥੇ ਹੀ ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਵੀ ਆਪਣੇ ਸਮੂਹ ਕਰਮਚਾਰੀਆਂ ਨਾਲ ਰਲ ਕੇ ਆਪਣੇ ਵੱਖ-ਵੱਖ ਕੰਮਾਂ ਪ੍ਰਤੀ ਦਿਨ ਰਾਤ ਇੱਕ ਕਰਕੇ ਕੰਮ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਫਿਰੋਜ਼ਪੁਰ ਦੇ ਕਾਰਜ ਸਾਧਕ ਅਫਸਰ ਸ੍ਰ. ਪਰਮਿੰਦਰ ਸਿੰਘ ਸੁਖੀਜਾ ਨੇ ਦੱਸਿਆ ਕਿ ਨਗਰ ਕੌਂਸਲ ਫਿਰੋਜ਼ਪੁਰ ਵੱਲੋਂ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੇ ਸਫ਼ਾਈ ਅਭਿਆਨ ਚਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹੁਣ ਚੱਲ ਰਹੇ ਕਰਫ਼ਿਊ ਦੌਰਾਨ ਜਿੱਥੇ ਸਫ਼ਾਈ ਕਰਮਚਾਰੀਆਂ ਵੱਲੋ ਆਪਣੀ ਡਿਊਟੀ ਨਿਭਾਈ ਜਾ ਰਹੀ ਹੈ ਉੱਥੇ ਹੀ ਵਿਭਾਗ ਨਾਲ ਰਲ ਕੇ ਸ਼ਹਿਰ ਦੇ ਵੱਖ-ਵੱਖ ਰਿਹਾਇਸ਼ੀ ਅਤੇ ਕਮਰਸ਼ੀਅਲ ਏਰੀਆ ਅੰਦਰ ਸੈਨੇਟਾਈਜੇਸ਼ਨ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਫਿਰੋਜ਼ਪੁਰ ਡਾ: ਨਾਇਨ ਪੀ.ਸੀ.ਐਸ ਵੱਲੋਂ ਖ਼ੁਦ ਜ਼ਿਲ੍ਹੇ ਵਿਚ ਮਖੂ, ਧਰਮਕੋਟ, ਕੋਟ-ਈਸੇ ਖਾ, ਫਤਿਹਗੜ੍ਹ ਪੰਜਤੂਰ, ਬਧਨੀ ਕਲਾ, ਜ਼ੀਰਾ, ਮੱਖੂ, ਮੱਲਾਂਵਾਲਾ ਅਤੇ ਫਿਰੋਜ਼ਪੁਰ ਵਿੱਚ ਚੱਲ ਰਹੇ ਕਰੋਨਾ ਵਾਇਰਸ ਸਬੰਧੀ ਕੰਮਾਂ ਦੀ ਜਾਂਚ ਕੀਤੀ ਗਈ ਤੇ ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਮੁਸ਼ਕਲ ਸਮੇਂ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਨ ਤਾਂ ਕਿ ਇਸ ਔਖੇ ਸਮੇਂ ਤੋ ਨਿਕਲਿਆ ਜਾ ਸਕੇ।



# ਡੀ.ਸੀ. ਵੱਲੋਂ ਦਾਨੀ ਸੱਜਣਾਂ ਨੂੰ ਰੈੱਡਕਰਾਸ ਕੋਵਿਡ-19 ਫੰਡ 'ਚ ਦਾਨ ਦੇਣ ਅਪੀਲ

ਅੰਮ੍ਰਿਤਸਰ, 30 ਮਾਰਚ (ਗਿਆਨ ਸਿੰਘ): ਕਰੋਨਾ ਵਾਇਰਸ ਦੇ ਖਿਲਾਫ ਚੱਲ ਰਹੀ ਜੰਗ ਵਿੱਚ ਲੋਕਾਂ ਤੱਕ ਮਦਦ ਪਹੁੰਚਾਉਣ ਲਈ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿਲੋਂ ਨੇ ਦਾਨੀ ਸਜਨਾਂ ਨੂੰ ਜਿਲਾ ਰੇਡਕਰਾਸ ਸੋਸਾਇਟੀ ਦੇ ਕੋਵਿਡ-19 ਫੰਡ ਵਿਚ ਵੱਧ ਤੋਂ ਵੱਧ ਦਾਨ ਦੇਣ ਦੀ ਅਪੀਲ ਕੀਤੀ ਹੈ ।

ਸ਼ਿਵਦੁਲਾਰ ਸਿੰਘ ਢਿਲੋਂ ਨੇ ਕੋਵਿਡ-19 ਰਾਹਤ ਫੰਡ ਦੀ ਡਿਟੇਲ ਸਾਂਝੀ ਕਰਦਿਆਂ ਕਿਹਾ ਕਿ ਜਰੂਰਤਮੰਦ ਲੋਕਾਂ ਤੱਕ ਰਾਸ਼ਨ, ਬੀਮਾਰ ਲੋਕਾਂ ਤੱਕ ਦਵਾਈਆਂ ਅਤੇ ਅਤੇ ਹੋਰ ਜਰੂਰੀ ਵਸਤਾਂ ਪਹੁੰਚਾਣ ਲਈ ਜਿਲਾ ਰੇਡਕਰਾਸ ਸੋਸਾਇਟੀ ਵੱਲੋਂ ਕੋਵਿਡ - 19 ਰਾਹਤ ਫੰਡ ਤਿਆਰ ਕੀਤਾ ਗਿਆ ਹੈ । ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਸਾਰਿਆਂ ਦੀ ਇਹ ਜ਼ਿੰਮੇਦਾਰੀ ਬਣਦੀ ਹੈ ਕਿ ਵਧ-ਚੜ ਕੇ ਸਹਿਯੋਗ ਕਰੀਏ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਮਦਦ ਪਹੁੰਚਾਈ ਜਾ ਸਕੇ । ਉਨ੍ਹਾਂ ਕਿਹਾ ਕਿ ਦਾਨੀ ਸਜਨ ਰੈੱਡ ਕਰਾਸ ਦੇ ਐਚਡੀਐਫਸੀ ਬੈਂਕ

ਅੰਮ੍ਰਿਤਸਰ ਦੇ ਅਕਾਉਂਟ ਨੰਬਰ 50100348358119, ਆਈਐਫਐਸਸੀ (963 ) ਕੋਡ ਐਚਡੀਐਫਸੀ 00001359, ਸਵਿਫਟ ਕੋਡ ਐਚ ਡੀ ਐਫ ਸੀ ਆਈ ਐਨ ਬੀ ਬੀ SWIFT CODE HDFCINBB 'ਚ ਆਪਣਾ ਸਹਿਯੋਗ ਦੇ ਸੱਕਦੇ ਹਨ। ਜਿਲਾ ਪਧਰ ਤੇ ਫੰਡ ਤਿਆਰ ਕੀਤਾ ਗਿਆ ਹੈ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ-19 ਦੇ ਰਾਹਤ ਕਾਰਜ ਲਈ ਬਣਾਏ ਉਪਰੋਕਤ ਅਕਾਊਂਟ ਵਿਚ ਵੱਧ ਤੋਂ ਵੱਧ ਦਾਨ ਕਰਨ ਤਾਂ ਜੋ ਹਰ ਜ਼ਰੂਰਤਮੰਦ ਇਨਸਾਨਾਂ ਦੀ ਮੱਦਦ ਕੀਤੀ ਜਾ ਸਕੇ।

# ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਲੋੜਵੰਦਾਂ ਨੂੰ ਰਾਸ਼ਣ ਵੰਡਿਆ



ਮੁੱਲਾਂਪੁਰ ਦਾਖਾ, 30 ਮਾਰਚ (ਗਿਆਨ ਸਿੰਘ): ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਅਤੇ ਡੀਟੋਲ ਸਾਬਣ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਸਰਪ੍ਰਸਤੀ ਹੇਠ ਵੰਡਿਆ ਗਿਆਂ। ਇਸ ਸਮੇਂ ਅਗਰਵਾਲ ਸਮਾਜ ਪੰਜਾਬ ਦੇ ਪ੍ਰਧਾਨ ਪਵਨ ਗਰਗ, ਅਰਜੁਨ ਬਾਵਾ, ਸੰਜੇ ਠਾਕੁਰ, ਸੁਖਦੇਵ ਸਿੰਘ ਸੇਵਾਦਾਰ ਆਦਿ ਹਾਜਰ ਸਨ।

ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ ਕਰੋਨਾ ਦੀ ਕ੍ਰੋਪੀ ਤੋਂ ਬਚਾਉਣ ਅਤੇ ਮਨੁੱਖਤਾ ਦੀ ਸੇਵਾ ਲਈ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵੱਲੋਂ ਚੁੱਕੇ ਜਾ ਰਹੇ ਕਦਮ ਸ਼ਲਾਘਾਯੋਗ ਹਨ। ਉਹਨਾਂ ਕਿਹਾ ਕਿ ਪ੍ਰਸ਼ਾਸ਼ਨ ਅਤੇ ਸਮਾਜਸੇਵੀ ਸੰਸਥਾਵਾਂ ਵੱਲੋਂ ਲੰਗਰ ਅਤੇ ਰਾਸ਼ਨ ਲਈ ਕੀਤੀ ਜਾ ਰਹੀ ਸੇਵਾ ਮਿਸਾਲ ਹੈ।

ਉਹਨਾਂ ਕਿਹਾ ਕਿ ਲੋੜ ਹੈ ਅਸੀ ਸਰਕਾਰਾਂ ਦੇ ਆਦੇਸ਼ਾਂ ਦਾ ਪਾਲਣ ਕਰਦੇ ਹੋਏ ਘਰਾਂ ਅੰਦਰ ਹੀ ਰਹੀਏ। ਉਹਨਾਂ ਕਿਹਾ ਕਿ ਇਹ ਲੜਾਈ ਅਸੀ ਘਰਾਂ ਅੰਦਰ ਵੜਕੇ ਹੀ ਲੜ ਸਕਦੇ ਹਾਂ ਜਦਕਿ ਆਮ ਤੌਰ 'ਤੇ ਲੜਾਈ ਘਰੋਂ ਬਾਹਰ ਆ ਕੇ ਲੜੀ ਜਾਂਦੀ ਹੈ।

ਉਹਨਾਂ ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਸੇਵਾ ਨਾਲ ਨਾਲ ਸੇਵਾ ਨੂੰ ਕਲੰਕਿਤ ਕਰ ਰਹੇ ਮੁਲਾਜਮਾਂ ਨੂੰ ਸੰਜਮ, ਸਹਿਜ ਅਤੇ ਸ਼ਾਂਤੀ ਨਾਲ ਡਿਊਟੀ ਕਰਨ ਦੀ ਸਲਾਹ ਦਿੱਤੀ। ਉਹਨਾਂ ਇਸ ਮੌਕੇ ਉੱਘੇ ਸਮਾਜਸੇਵੀ ਅਵਿਨਾਸ਼ ਗੁਪਤਾ ਪ੍ਰਧਾਨ ਸਵਾਮੀ ਗੰਗਾਨੰਦ ਭੂਰੀ ਵਾਲੇ ਗਊਸ਼ਾਲਾ ਟਰੱਸਟ, ਭੂਸ਼ਨ ਠੁਕਰਾਲ, ਉੱਘੇ ਸਨਅਤਕ-ਾਰ ਮਹਿੰਦਰ ਸਿੰਘ ਈਰੋਜ, ਸੁਨੰਦਾ ਗੋਸੁਵਾਮੀ, ਸੰਦੀਪ ਬਾਵਾ ਅਤੇ ਜੋਗਾ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ।


















# ਕੋਰੋਨਾ ਵਾਇਰਸ ਦਾ ਹਮਲਾ- ਕੁਝ ਪੱਖ ਇਹ ਵੀ..

-ਡਾ. ਪਿਆਰਾ ਲਾਲ ਗਰਗ-

ਕੋਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਸੰਸਾਰ ਭਰ ਵਿੱਚ ਕੰਮ-ਕਾਜ ਠੱਪ ਹਨ। ਲੋਕਾਈ ਡਰੀ ਬੈਠੀ ਹੈ। ਕੋਰੋਨਾ ਕੇਸਾਂ ਦੀ ਗਿਣਤੀ ਪਲ ਪਲ ਵਧ ਰਹੀ ਹੈ। ਸੰਸਾਰ ਵਿੱਚ ਅੱਜ ਤੱਕ ਸਾਹਮਣੇ ਆਏ ਕੇਸ ਸੱਤ ਲੱਖ ਨੂੰ ਢੁੱਕੇ ਹਨ। ਚੀਨ ਤੇ ਦੱਖਣੀ ਕੋਰੀਆ ਨੇ ਇਸ ਰੋਗ ਉਤੇ ਕਾਫ਼ੀ ਕਾਬੂ ਪਾ ਲਿਆ ਹੈ। ਸੰਸਾਰ ਵਿੱਚ ਸਭ ਤੋਂ ਵੱਧ ਮੌਤਾਂ ਇਟਲੀ ਵਿੱਚ ਹੋਈਆਂ ਹਨ। ਭਾਰਤ ਵਿੱਚ ਮਰੀਜ਼ਾਂ ਦੀ ਗਿਣਤੀ 1000 ਟੱਪ ਗਈ ਹੈ। ਏਥੇ ਦਹਿਸ਼ਤ, ਅਫ਼ਵਾਹਾਂ, ਅਵਿਗਿਆਨਕ ਦਾਅਵਿਆਂ ਦੀ ਭਰਮਾਰ ਹੈ। ਇਸ ਬਿਮਾਰੀ ਦਾ ਅਜੇ ਕੋਈ ਪੱਕਾ ਇਲਾਜ ਨਹੀਂ ਅਤੇ ਇਹ ਆਪਣੇ ਆਪ ਠੀਕ ਹੋਣ ਵਾਲੀ ਹੈ, ਪਰ ਇਸ ਦੀ ਰੋਕਥਾਮ ਲਈ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਜਿਨ੍ਹਾਂ ਨਾਲ ਭਾਰਤ ਵਰਗੇ ਵੱਡੇ ਦੇਸ਼ ਵਿੱਚ ਸਿਹਤ ਸੇਵਾਵਾਂ ਦੇ ਮੰਦੇ ਹਾਲ ਦੇ ਬਾਵਜੂਦ ਰੋਕਥਾਮ ਪ੍ਰਭਾਵਸ਼ਾਲੀ ਹੋਣ ਦੇ ਆਸਾਰ ਹਨ।

ਕਈ ਅਜਿਹੇ ਅਵਿਗਿਆਨਕ ਦਾਆਵੇ ਕਰ ਰਹੇ ਹਨ ਕਿ ਇਹ ਗਊ ਮੂਤਰ ਜਾਂ ਗਊ ਗੋਬਰ ਨਾਲ ਠੀਕ ਹੋ ਸਕਦਾ ਹੈ। ਕਈ ਇਹ ਕਹਿ ਕੇ ਸਾਰ ਰਹੇ ਹਨ ਕਿ ਭਾਰਤ ਦੇ ਜੀਨ ਬਹੁਤ ਤਕੜੇ ਹਨ। ਉਸੇ ਆਬਾਦੀ ਨੂੰ, ਜਿਸ ਦੇ ਬਿਨਾਂ ਭੇਦ ਭਾਵ ਜੀਨ ਤਕੜੇ ਹੋਣਾ ਮੰਨਿਆ ਜਾ ਰਿਹਾ ਹੈ, ਨੂੰ ਧਰਮ, ਜਾਤ ਤੇ ਹੋਰ ਆਧਾਰ ਉੱਤੇ ਵਿਤਕਰੇ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਕਈ ਡਾਕਟਰ ਵੀ ਅੱਗ ਲੱਗੀ ਤੋਂ ਪਾਣੀ ਪਾਉਣ ਦੇ ਯਤਨਾਂ ਦੀ ਥਾਂ ਲੋਕਾਂ ਨੂੰ ਅੱਗ-ਰੋਧਕ ਬਣਨ ਦੀ ਸਲਾਹ ਦੇ ਰਹੇ ਹਨ ਜੋ ਤਰਕਹੀਣ ਤੇ ਗੁੰਮ-ਰਾਹਕੁਨ ਹੈ। ਇਸ ਵੇਲੇ ਇਸ ਬਿਮਾਰੀ ਨੂੰ ਰੋਕਥਾਮ ਦੀ ਲੋੜ ਹੈ, ਪਰ ਇਹ ਦਾਨਸ਼ਮੰਦ, ਰੋਕਥਾਮ ਦੇ ਖ਼ਿਲਾਫ਼ ਹਨ ਤੇ ਦਾਅਵੇ ਕਰਦੇ ਹਨ ਕਿ ਰੋਕਥਾਮ ਦੀ ਲੋੜ ਨਹੀਂ, ਇਮਿਊਨਿਟੀ ਵਧਾਉਣ ਦੀ ਲੋੜ ਹੈ।




ਇਹ ਇਸ ਤੱਥ ਤੋਂ ਅੱਖਾਂ ਮੀਟ ਲੈਂਦੇ ਹਨ ਕਿ ਭਾਰਤ ਵਿੱਚ ਵੱਡੀ ਗਿਣਤੀ ਲੋਕ ਅਨੀਮੀਆ ਦਾ ਸ਼ਿਕਾਰ ਹਨ। ਪੰਜਾਬ ਵਿੱਚ ਹੀ 52 ਫੀਸਦੀ ਔਰਤਾਂ ਤੇ 22 ਫੀਸਦੀ ਪੁਰਸ਼ ਖ਼ੂਨ ਦੀ ਕਮੀ (ਅਨੀਮੀਆ) ਦਾ ਸ਼ਿਕਾਰ ਹਨ। ਇਨ੍ਹਾਂ ਤੋਂ ਬਿਨਾਂ ਬਹੁਤ ਸਾਰੀ ਜਨਤਾ ਕੁਪੋਸ਼ਣ ਦਾ ਸ਼ਿਕਾਰ ਹੈ। ਇਹ ਇਮਿਊਨਿਟੀ ਕਿਵੇਂ ਤੇ ਕਦੋਂ ਵਧਾਉਣਗੇ, ਬਿਮਾਰੀ ਹੱਦਾਂ ਬੰਨੇ ਟੱਪ ਰਹੀ ਹੈ।

ਇਹ ਕਹਿਣਾ ਵੀ ਸਹੀ ਨਹੀਂ ਕਿ ਕੋਰੋਨਾ ਵਿੱਚ ਮੌਤ ਦਰ ਆਮ ਫਲੂ ਤੋਂ ਕਿਤੇ ਘੱਟ ਹੈ। ਇਹ ਗ਼ਲਤ ਬਿਆਨੀ ਹੈ ਅਤੇ ਹਕੀਕਤ ਤੇ ਤੱਥਾਂ ਤੋਂ ਅੱਖਾਂ ਮੀਚ ਦੇ ਕੂੜ ਪ੍ਰਚਾਰ ਦੇ ਤੁੱਲ ਹੈ। ਇਹ ਲੋਕ ਬਿਨਾਂ ਕਿਸੇ ਆਧਾਰ ਦੇ ਵ੍ਹਟਸਐਪ ਰਾਹੀਂ ਸਿਹਤ ਬਾਰੇ ਉਹ ਦਾਅਵੇ ਪੇਸ਼ ਕਰ ਰਹੇ ਹਨ, ਜਿਨ੍ਹਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ। ਅੱਜ ਤੱਕ ਉਨ੍ਹਾਂ ਨੇ ਆਪਣੇ ਦਾਅਵਿਆਂ ਮੁਤਾਬਕ ਵਿਗਿਆਨਕ ਮਾਪਦੰਡਾਂ ਹੇਠ ਕੈਂਸਰ, ਬਲੱਡ ਪ੍ਰੈਸ਼ਰ ਤੇ ਸ਼ੂਗਰ ਦਾ ਇਲਾਜ ਹਫ਼ਤੇ ਦਸ ਦਿਨ ਵਿੱਚ ਪੱਕਾ ਕਰਨ ਦੇ ਸਬੂਤ ਪੇਸ਼ ਨਹੀਂ ਕੀਤੇ। ਇਹੀ ਲੋਕ ਨੇ, ਜੋ ਆਪਣੇ ਆਪ ਨੂੰ ਬਾਬਾ ਰਾਮਦੇਵ ਦੇ ਚੇਲੇ ਵੀ ਦੱਸਦੇ ਹਨ ਤੇ ਗਊ ਮੂਤਰ ਦਾ ਵਪਾਰ ਵਧਾਉਣ ਦੇ ਵਕਤਾ ਬਣਦੇ ਹਨ।

ਅਜਿਹੇ ਕਈ ਲੋਕ ਇਹ ਕਹਿੰਦੇ ਹਨ ਕਿ ਭਾਰਤ ਸਰਕਾਰ ਕੋਲ ਕੋਰੋਨਾ ਦੇ ਇਲਾਜ ਦੇ ਪ੍ਰਬੰਧ ਨਹੀਂ, ਜਦ ਕਿ ਇਕੱਲੇ ਪੰਜਾਬ ਵਿੱਚ ਹੀ ਸਿਹਤ ਵਿਭਾਗ ਨੇ ਸੈਂਕੜੇ ਬਿਸਤਰਿਆਂ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ। ਹਾਂ, ਜਿਸ ਗੱਲ ਅਤੇ ਕਮਜ਼ੋਰੀ ਉਤੇ ਉਂਗਲ ਰੱਖਣ ਦੀ ਲੋੜ ਹੈ, ਉਸ ਤੋਂ ਇਹ ਕੰਨੀ ਕਰਤਾਉਂਦੇ ਹਨ। ਪਹਿਲੀ ਗੱਲ ਹੈ ਕਿ ਇੰਨੀਆਂ ਸਖ਼ਤ ਹਦਾਇਤਾਂ ਨਾਲ ਦਿਹਾੜੀਦਾਰਾਂ ਦੀ ਦਿਹਾੜੀ ਮਰ ਗਈ ਹੈ, ਉਹ ਬਹੁਤੇ ਦਿਨ ਘਰਾਂ ਵਿੱਚ ਨਹੀਂ ਰਹਿ ਸਕਦੇ। ਅਰਥਚਾਰਾ ਜਿਹੜਾ ਪਹਿਲਾਂ ਹੀ ਮਾੜੀ ਹਾਲਤ ਵਿੱਚ ਹੈ, ਹੋਰ ਵੀ ਡੋਲ ਗਿਆ। ਸਕੂਲ ਤੇ ਆਂਗਨਵਾੜੀਆਂ ਬੰਦ ਹੋਣ ਕਾਰਨ ਬੱਚਿਆਂ ਦੇ ਪੌਸ਼ਟਿਕ ਆਹਾਰ ਅਤੇ ਦੁਪਹਿਰ ਦੇ ਭੋਜਨ ਦੇ ਬੰਦ ਹੋਣ ਨਾਲ ਗਰੀਬ ਲੋਕਾਂ ਦੇ ਬੱਚਿਆਂ ਤੇ ਵੱਡਾ ਹਮਲਾ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਨੂੰ ਭੋਜਨ ਘਰਾਂ ਵਿੱਚ ਭੇਜੇ ਤੇ ਜਿਨ੍ਹਾਂ ਦਿਹਾੜੀਦਾਰਾਂ ਦੀ ਦਿਹਾੜੀ ਖੁੱਸ ਗਈ, ਉਨ੍ਹਾ ਲਈ ਮੁਫ਼ਤ ਭੋਜਨ ਵੰਡਣ ਦਾ ਪ੍ਰਬੰਧ ਕਰੇ।

ਸਰਕਾਰ ਦੀ ਦੂਜੀ ਨਾਕਾਮੀ ਇਸ ਤੱਥ ਵਿੱਚ ਹੈ ਕਿ ਕੋਰੋਨਾ ਵਾਇਰਸ ਹਵਾਈ ਉਡਾਣਾਂ ਰਾਹੀਂ ਇਸ ਦੇਸ਼ ਵਿੱਚ ਆਇਆ ਹੈ। ਇਸਦੇ ਪ੍ਰਵੇਸ਼ ਨੂੰ ਰੋਕਣ ਵਾਸਤੇ ਮੁੱਖ ਰੂਪ ਵਿੱਚ ਹਵਾਈ ਅੱਡਿਆਂ ਦਾ ਪੱਕਾ ਕੰਟਰੋਲ ਜ਼ਰੂਰੀ ਸੀ, ਜੋ ਨਹੀਂ ਕੀਤਾ ਗਿਆ। ਜੇ ਫਰਵਰੀ ਵਿੱਚ ਇਸ ਵਬਾ ਦੇ ਸਾਹਮਣੇ ਆਉਣ ਉਤੇ ਹੀ ਹਵਾਈ ਅੱਡਿਆਂ ਉਤੇ ਹਰ ਯਾਤਰੀ, ਜਿਹੜੇ ਮੌਕੇ ਉੱਤੇ ਸ਼ੱਕੀ ਵੀ ਨਹੀਂ ਸਨ, ਦਾ ਮੁਆਇਨਾ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਪੁਚਾ ਕੇ ਘਰਾਂ ਵਿੱਚ ਵੱਖਰੇ ਰੱਖਣ ਦੀ ਲੋੜ ਸੀ, ਟਰਾਂਸਪੋਰਟ ਦੇ ਖਰਚੇ ਉਨ੍ਹਾਂ ਤੋਂ ਲੈ ਲਏ ਜਾਂਦੇ। ਹਰ ਯਾਤਰੀ ਦੇ ਚਿਪ ਲਾ ਕੇ ਉਸ ਦੀ ਮਾਨੀਟਰਿੰਗ ਕੀਤੀ ਜਾ ਸਕਦੀ ਸੀ। ਇਸ ਤਰ੍ਹਾਂ ਕਰਨ ਨਾਲ ਸਕੂਲਾਂ-ਕਾਲਜਾਂ, ਦਫ਼ਤਰਾਂ ਅਤੇ ਹੋਰ ਅਦਾਰਿਆਂ ਨੂੰ ਬੰਦ ਕਰਨ ਦੀ ਨੌਬਤ ਨਹੀਂ ਸੀ ਆਉਣੀ। ਵਿਦੇਸ਼ ਯਾਤਰਾ ਕਰਨ ਵਾਲਿਆਂ ਦੀ ਸਹੀ ਮਾਨੀਟਰਿੰਗ ਨਾ ਕੀਤੇ ਜਾਣ ਕਰਕੇ ਤੇ ਹੋਰ ਕੋਈ ਹੋਰ ਚਾਰਾਂ ਨਾ ਬਚਣ ਕਰਕੇ 135 ਕਰੋੜ ਲੋਕਾਂ ਨੂੰ ਦੋਜਖ ਦੀ ਭੱਠੀ ਵਿੱਚ ਝੋਕਿਆ ਗਿਆ ਹੈ।


ਜੇ ਇਸ ਵਾਇਰਸ ਦਾ ਚਰਿੱਤਰ ਅਤੇ ਵਰਤਾਰਾ ਦੇਖਿਆ ਜਾਵੇ ਤਾਂ ਇਹ ਹਾਈਪਰਟੋਨਿਕ ਸੇਲਾਈਨ ਵਿੱਚ ਬਚਦਾ ਨਹੀਂ, ਇਸ ਕਰਕੇ ਕਿਹਾ ਜਾ ਰਿਹਾ ਹੈ ਕਿ ਪਾਣੀ ਵਿੱਚ ਨਮਕ ਪਾ ਕੇ ਹੱਥ ਡੁੱਬੋਣ ਨਾਲ ਇਹ ਵਾਇਰਸ ਹੱਥ ਉਤੇ ਨਹੀਂ ਰਹੇਗਾ ਤੇ ਸੇਲਾਈਨ ਵਾਲਾ ਹੱਥ ਜਿਸ ਹੈਂਡਲ ਆਦਿ ਉਤੇ ਲਗੇਗਾ, ਉਸ ਉਪਰ ਵੀ ਵਾਇਰਸ ਮਰ ਜਾਵੇਗਾ। ਇਸ ਲਈ ਥੋੜ੍ਹਾ ਜਿਹਾ ਨਮਕ ਜੇ ਕੋਲ ਹੋਵੇ ਤਾਂ ਉਸ ਨੂੰ ਹੱਥ ਤੇ ਮਾਮੂਲੀ ਲਾਉਣ ਨਾਲ ਬਾਕੀ ਹੋਰ ਇਹਤਿਆਤ ਦੇ ਨਾਲ ਨਾਲ ਬੱਚਤ ਹੋਣ ਦੀ ਸੰਭਾਵਨਾ ਵਧ ਸਕਦੀ ਹੈ। ਇਹ ਤਰਕ ਭਰਪੂਰ ਵਿਗਿਆਨਿਕ ਤੇ ਮੁਫ਼ਤ ਬਦਲ ਹੈ, ਜਿਸ ਦਾ ਕੋਈ ਨੁਕਸਾਨ ਨਹੀਂ ਜਾਪਦਾ, ਪਰ ਵਾਰ-ਵਾਰ ਹੱਥ ਧੋਣਾ ਤਾਂ ਜ਼ਰੂਰੀ ਹੈ ਹੀ, ਛੇ ਫੁੱਟ ਦੂਰੀ ਉਤੇ ਰਹਿਣਾ ਵੀ ਜ਼ਰੂਰੀ ਹੈ। ਖੰਘ ਜਾਂ ਛਿੱਕ ਮਾਰਨ ਵੇਲੇ ਕੂਹਣੀ ਜਾਂ ਰੁਮਾਲ ਨਾਲ ਮੂੰਹ ਢੱਕਣ ਦੀ ਲੋੜ ਹੈ। ਬਿਮਾਰ ਦੇ ਪਾਸ ਜਾਣ ਵੇਲੇ, ਖੰਘ-ਜ਼ੁਕਾਮ ਵਾਲਿਆਂ ਅਤੇ ਮਰੀਜ਼ਾਂ ਦੇ ਇਲਾਜ ਵਿੱਚ ਲੱਗੇ ਅਮਲੇ ਵਾਸਤੇ ਮਾਸਕ ਪਹਿਨਣ ਦੀ ਲੋੜ ਹੈ। ਸਭ ਤੋਂ ਵੱਧ ਠਰ੍ਹੰਮੇ ਸਹਿਜ, ਸਹਿਯੋਗ ਨਾਲ ਅਫ਼ਵਾਹਾਂ ਤੋਂ ਗੁਰੇਜ਼ ਕਰਕੇ ਸੁਚੇਤ ਰਹਿਣ ਦੀ ਲੋੜ ਹੈ।

# ਲੋਕ ਨਾਇਕ ਦੁੱਲਾ ਭੱਟੀ

-ਸੁਖਵਿੰਦਰ ਸਿੰਘ ਮੁੱਲਾਂਪੁਰ

ਲੋਕ ਨਾਇਕ ਦੁੱਲਾ ਭੱਟੀ ਦਾ ਜਨਮ ਪਿਤਾ ਰਾਏ ਫ਼ਰੀਦ ਖ਼ਾਨ ਭੱਟੀ ਤੇ ਮਾਤਾ ਲੱਧੀ ਦੇ ਘਰ 1547 ਈਸਵੀ ਵਿੱਚ ਲਾਹੌਰ ਲਾਗੇ ਪਿੰਡੀ ਭੱਟੀਆਂ ਸਾਂਦਲ ਬਾਰ ਵਿੱਚ ਹੋਇਆ ਸੀ। ਇਹ ਇਲਾਕਾ ਰਾਵੀ ਤੇ ਝਨਾਂ ਦਰਿਆ ਦੇ ਵਿਚਕਾਰ ਪੈਂਦਾ ਹੈ। ਦੁੱਲੇ ਦੇ ਦਾਦੇ ਨਾ ਨਾਮ ਸਾਂਦਲ ਭੱਟੀ ਸੀ। ਉਹ 32 ਪਿੰਡਾਂ ਦਾ ਸਰਦਾਰ ਸੀ। ਮੁਗ਼ਲ ਸਰਕਾਰ ਨੇ ਜ਼ਮੀਨਾਂ 'ਤੇ ਲਗਾਨ (ਟੈਕਸ) ਲਾ ਦਿੱਤਾ ਸੀ। ਦੁੱਲੇ ਦੇ ਦਾਦੇ ਨੇ ਸਰਕਾਰ ਨੂੰ ਲਗਾਨ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਅਕਬਰ ਬਾਦਸ਼ਾਹ ਨੇ ਇਨ੍ਹਾਂ 'ਤੇ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ। ਦੁੱਲੇ ਦੇ ਪਿਤਾ ਅਤੇ ਦਾਦੇ ਨੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਇਸ ਕਾਰਨ ਅਕਬਰ ਨੇ ਲੋਕਾਂ ਵਿੱਚ ਦਹਿਸ਼ਤ ਪਾਉਣ ਖ਼ਾਤਰ ਉਨ੍ਹਾਂ ਦੇ ਸਿਰ ਕਲਮ ਕਰਾ ਕੇ ਸਿਰ ਲਾਹੌਰ ਕਿਲ੍ਹੇ ਦੇ ਮੁੱਖ ਦਰਵਾਜ਼ੇ 'ਤੇ ਟੰਗ ਦਿੱਤੇ ਸਨ। ਦੁੱਲੇ ਦਾ ਜਨਮ ਆਪਣੇ ਪਿਤਾ ਰਾਏ ਫ਼ਰੀਦ ਖ਼ਾਨ ਦੀ ਮੌਤ ਤੋਂ ਚਾਰ ਮਹੀਨੇ ਪਿੱਛੋਂ ਹੋਇਆ ਸੀ। ਦੁੱਲਾ ਜਨਮ ਵੇਲੇ ਹੀ ਹੱਡਾਂ-ਪੈਰਾਂ ਤੋਂ ਨਰੋਆ ਸੀ।

ਦੁੱਲੇ ਦੀ ਮਾਂ ਲੱਧੀ ਅਤੇ ਦਾਦੀ ਨੇ ਉਸ ਦੇ ਜਨਮ ਦੀ ਬਹੁਤ ਖ਼ੁਸ਼ੀ ਮਨਾਈ। ਦੁੱਲੇ ਨੂੰ ਪੜ੍ਹਨ ਲਾਇਆ ਗਿਆ, ਪਰ ਉਸ ਦਾ ਮਨ ਪੜ੍ਹਾਈ ਵਿੱਚ ਨਾ ਲੱਗਾ। ਉਹ ਵੱਖਰੇ ਸੁਭਾਅ ਦਾ ਮਾਲਕ ਸੀ। ਉਸ ਨੇ ਜਵਾਨੀ ਵਿੱਚ ਪੈਰ ਧਰਦੇ ਸਾਰ ਮੁੰਡਿਆਂ ਦਾ ਜੁੱਟ ਬਣਾ ਲਿਆ। ਦੁੱਲਾ ਰਸਤੇ ਵਿੱਚ ਬੈਠ ਜਾਂਦਾ ਤੇ ਖ਼ੂਹ ਤੋਂ ਪਾਣੀ ਭਰਨ ਆਉਂਦੀਆਂ ਔਰਤਾਂ ਦੇ ਘੜਿਆਂ ਨੂੰ ਗੁਲੇਲਾਂ ਨਾਲ ਪੱਥਰ ਮਾਰ ਕੇ ਭੰਨ ਦਿੰਦਾ। ਇੱਕ ਦਿਨ ਨੰਦੀ ਨਾਂ ਦੀ ਔਰਤ ਨੇ ਦੁੱਲੇ ਨੂੰ ਮਿਲਣਾ ਮਾਰ ਕੇ ਕਿਹਾ, 'ਦੁੱਲਿਆ! ਔਰਤਾਂ ਦੇ ਘੜੇ ਭੰਨਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ? ਜੇਕਰ ਅਣਖ ਹੈ ਤਾਂ ਜਾਹ, ਮੁਗ਼ਲਾਂ ਨਾਲ ਮੱਥਾ ਲਾ ਜਿਹੜੇ ਤੇਰੇ ਪਿਓ-ਦਾਦੇ ਨੂੰ ਬੰਨ੍ਹ ਕੇ ਲਾਹੌਰ ਲੈ ਗਏ ਸਨ। ਉਥੇ ਉਨ੍ਹਾਂ ਦੇ ਸਿਰ ਵੱਢ ਕੇ ਉਚੇ ਬੁਰਜ 'ਤੇ ਲਟਕਾ ਦਿੱਤਾ ਸਨ।' ਇਹ ਸੁਣ ਕੇ ਦੁੱਲਾ ਘਰ ਆ ਕੇ ਮਾਂ ਲੱਧੀ ਨੂੰ ਪੁੱਛਣ ਲੱਗਾ, 'ਮਾਂ, ਮੇਰੇ ਪਿਓ-ਦਾਦਾ ਕਿੱਥੇ ਹਨ?' ਲੱਧੀ ਨੇ ਸਾਰੀ ਕਹਾਣੀ ਦੁੱਲੇ ਨੂੰ ਦੱਸ ਦਿੱਤੀ।



ਦਾਸਤਾਨ ਸੁਣ ਕੇ ਦੁੱਲੇ ਦਾ ਖ਼ੂਨ ਉਬਾਲੇ ਖਾਣ ਲੱਗਾ। ਉਸ ਨੇ ਕਿਹਾ, 'ਮਾਂ, ਮੈਂ ਸਾਰੇ ਲਾਹੌਰ ਤਬਾਹ ਕਰ ਦੇਵਾਂਗਾ। ਮੁਗ਼ਲਾਂ ਦੀਆਂ ਬਸਤੀਆਂ ਢਾਹ ਦਿਵਾਂਗਾ।' ਲੱਧੀ ਨੇ ਕਿਹਾ ਕਿ 'ਮੈਨੂੰ ਬਹੁਤ ਖ਼ੁਸ਼ੀ ਹੈ ਕਿ ਪਿਓ-ਦਾਦੇ ਦਾ ਬਦਲਾ ਦੁੱਲਾ ਲਵੇਗਾ।' ਜਿੱਥੇ ਪਿਓ-ਦਾਦੇ ਦੀਆਂ ਘਰ ਵਿੱਚ ਬੰਦੂਕਾਂ-ਤਲਵਾਰਾਂ ਪਈਆਂ ਸਨ, ਲੱਧੀ ਨੇ ਉਹ ਦਰਵਾਜ਼ਾਂ ਦੁੱਲੇ ਲਈ ਖੋਲ੍ਹ ਦਿੱਤਾ। ਦੁੱਲੇ ਨੇ ਤਲਵਾਰਾਂ-ਬੰਦੂਕਾਂ ਆਪਣੇ ਦੋਸਤਾਂ ਵਿੱਚ ਵੰਡ ਦਿੱਤੀਆਂ। ਦੁੱਲਾ ਅਮੀਰਾਂ ਨਾਲ ਲੁੱਟਾਂ-ਖੋਹਾਂ ਕਰਦਾ ਤੇ ਲੁੱਟਿਆ ਹੋਇਆ ਮਾਲ ਗ਼ਰੀਬਾਂ ਵਿੱਚ ਵੰਡ ਦਿੰਦਾ। ਉਸ ਨੇ ਸਰਕਾਰੀ ਖ਼ਜ਼ਾਨੇ ਵੀ ਲੁੱਟਣੇ ਸ਼ੁਰੂ ਕਰ ਦਿੱਤੇ। ਉਹ ਲੁੱਟੇ ਮਾਲ ਨਾਲ ਗ਼ਰੀਬ ਲੜਕੀਆਂ ਦੇ ਵਿਆਹ ਕਰਵਾ ਦਿੰਦਾ ਤੇ ਜੋ ਕੁਝ ਬਚਦਾ, ਉਹ ਗ਼ਰੀਬਾਂ ਵਿੱਚ ਵੰਡ ਦਿੰਦਾ। ਇਸ ਤਰ੍ਹਾਂ ਦੁੱਲੇ ਨੇ ਸਾਂਦਲ ਬਾਰ ਦੇ ਇਲਾਕੇ ਵਿੱਚ ਲੋਕ-ਪੱਖੀ ਹਕੂਮਤ ਕਾਇਮ ਕਰ ਲਈ। ਅਕਬਰ ਬਾਦਸ਼ਾਹ ਨੇ ਦੁੱਲੇ ਨੂੰ ਡਾਕੂ ਦਾ ਨਾਂ ਦਿੱਤਾ, ਪਰ ਦੁੱਲਾ ਡਾਕੂ ਨਹੀਂ, ਗ਼ਰੀਬਾਂ ਦਾ ਮਸੀਹਾ ਸੀ। ਉਸ ਨੇ ਅਕਬਰ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ ਤੇ ਸਰਕਾਰ ਨੂੰ ਲਗਾਨ ਦੇਣ ਤੋਂ ਜਵਾਬ ਦੇ ਦਿੱਤਾ। ਅਕਬਰ ਬਾਦਸ਼ਾਹ ਨੇ ਦੁੱਲੇ ਦੀ ਦਿਨੋ-ਦਿਨ ਵੱਧਦੀ ਚੜ੍ਹਤ ਤੋਂ ਤੰਗ ਆ ਕੇ ਆਪਣੀ ਰਾਜਧਾਨੀ ਆਗਰੇ ਤੋਂ ਲਾਹੌਰ ਤਬਦੀਲ ਕਰ ਲਈ, ਜੋ ਅਠਾਰਾਂ ਸਾਲ ਤੱਕ ਲਾਹੌਰ ਹੀ ਰਹੀ।

ਕਾਬਲ ਦਾ ਵਪਾਰੀ ਅਲੀ ਅਕਬਰ ਬਾਦਸ਼ਾਹ ਵਾਸਤੇ 500 ਘੋੜੇ ਖ਼ਰੀਦ ਕੇ ਲਿਜਾ ਰਿਹਾ ਸੀ। ਦੁੱਲੇ ਨੇ ਉਹ ਘੋੜੇ ਖੋਹ ਕੇ ਆਪਣੇ ਦੋਸਤਾਂ ਨੂੰ ਵੰਡ ਦਿੱਤੇ। ਅਲੀ ਸੌਦਾਗਰ ਨੇ ਦੁੱਲੇ ਨੂੰ ਅਕਬਰ ਦਾ ਡਰਾਵਾ ਵੀ ਦਿੱਤਾ, ਪਰ ਉਸ ਨੇ ਅਲੀ ਨੂੰ ਕੁੱਟ ਕੇ ਭਜਾ ਦਿੱਤਾ। ਦੁੱਲੇ ਨੂੰ ਮੁਗ਼ਲਾਂ ਨਾਲ ਦੁਸ਼ਮਣੀ ਵਿਰਾਸਤ ਵਿੱਚ ਮਿਲੀ ਹੋਈ ਸੀ। ਇੱਕ ਮੁਗ਼ਲ ਕਾਫ਼ਲਾ ਕੀਮਤੀ ਸਾਮਾਨ ਸਮੇਤ ਉਕਤ ਇਲਾਕੇ ਤੋਂ ਲੰਘ ਰਿਹਾ ਸੀ। ਉਹ ਸਾਮਾਨ ਅਕਬਰ ਬਾਦਸ਼ਾਹ ਦੇ ਦਰਬਾਰ ਵਿੱਚ ਜਾਣਾ ਸੀ। ਦੁੱਲੇ ਨੇ ਉਸ ਕਾਫ਼ਲੇ 'ਤੇ ਹਮਲਾ ਕਰ ਕੇ ਲੁੱਟ ਲਿਆ। ਉਸ ਨੇ ਕਾਫ਼ਲੇ ਦੇ ਸਰਦਾਰ ਬੱਗਾ ਮਲਕਿਆਂ ਦਾ ਸਿਰ ਕਲਮ ਕਰ ਕੇ ਬਾਦਸ਼ਾਹ ਨੂੰ ਭੇਜ ਦਿੱਤਾ। ਨਾਲ ਕਹਿ ਦਿੱਤਾ ਕਿ ਦੁੱਲੇ ਵੱਲੋਂ ਇਹ ਤੋਹਫ਼ਾ ਕਬੂਲ ਕਰੋ। ਇਹ ਦੇਖ ਕੇ ਅਕਬਰ ਬਹੁਤ ਖ਼ਫਾ ਹੋਇਆ। ਉਸ ਨੇ ਆਪਣੇ ਫ਼ੌਜੀ ਪਿੰਡੀ ਭੱਟੀਆਂ ਭੇਜ ਦਿੱਤੇ। ਦੁੱਲਾ ਨਾਨਕੇ ਗਿਆ ਸੀ। ਫ਼ੌਜੀ ਲਸ਼ਕਰਾਂ ਨੇ ਪਿੰਡੀ ਭੱਟੀਆਂ 'ਤੇ ਕਬਜ਼ਾ ਕਰ ਕੇ ਦੁੱਲੇ ਦੀ ਭੈਣ ਬਖ਼ਤੋਂ ਨਿਸ਼ਾਂ ਮਾਰ ਦਿੱਤੀ। ਮਾਂ ਲੱਧੀ ਅਤੇ ਦੋ ਬੀਵੀਆਂ ਖ਼ੁੱਲਰਾਂ ਅਤੇ ਨੂਰਾਂ ਨੂੰ ਕੈਦ ਕਰ ਲਿਆ। ਜਦ ਦੁੱਲੇ ਨੂੰ ਪਤਾ ਲੱਗਾ ਤਾਂ ਉਸ ਨੇ ਫ਼ੌਜੀ ਲਸ਼ਕਰ ਰਸਤੇ ਵਿੱਚ ਘੇਰ ਲਏ। ਕਾਫ਼ਲੇ ਦਾ ਸਰਦਾਰ ਲੱਧੀ ਦੇ ਪੈਰਾਂ ਵਿੱਚ ਡਿੱਗ ਪਿਆ, ਜਿਸ ਕਾਰਨ ਦੁੱਲੇ ਨੇ ਉਸਦੀ ਜਾਨ ਬਖਸ਼ ਦਿੱਤੀ। ਉਸ ਨੇ ਗ੍ਰਿਫ਼ਤਾਰ ਔਰਤਾਂ ਛੁਡਾ ਲਈਆਂ।

ਇੱਕ ਬਹੁਤ ਗ਼ਰੀਬ ਬ੍ਰਾਹਮਣ ਸੁੰਦਰ ਦਾਸ ਦੀਆਂ ਦੋ ਲੜਕੀਆਂ ਸੁੰਦਰੀ ਤੇ ਮੁੰਦਰੀ ਸਨ। ਉਨ੍ਹਾਂ ਦੇ ਰਿਸ਼ਤੇ ਤੈਅ ਹੋ ਚੁੱਕੇ ਸਨ, ਪਰ ਸੁੰਦਰ ਦਾਸ ਕੋਲ ਵਿਆਹ ਲਈ ਪੈਸੇ ਨਹੀਂ ਸਨ। ਲੜਕੀਆਂ ਸੋਹਣੀਆਂ ਹੋਣ ਕਰਕੇ ਸਰਕਾਰ ਦਰਬਾਰ ਵੱਲੋਂ ਉਨ੍ਹਾਂ ਨੂੰ ਚੁੱਕ ਕੇ ਲਿਆਉਣ ਦਾ ਹੁਕਮ ਹੋ ਗਿਆ ਸੀ। ਜਦ ਇਸ ਦਾ ਪਤਾ ਸੁੰਦਰ ਦਾਸ ਨੂੰ ਲੱਗਾ ਤਾਂ ਉਸ ਨੇ ਦੁੱਲੇ ਤੱਕ ਪਹੁੰਚ ਕੀਤੀ। ਦੁੱਲੇ ਨੇ ਉਸ ਨੂੰ ਕਿਹਾ ਕਿ ਲੜਕੇ ਵਾਲਿਆਂ ਨੂੰ ਕਹਿ ਦੇ ਕਿ ਲੜਕੀਆਂ ਨੂੰ ਵਿਆਹ ਕੇ ਲੈ ਜਾ, ਪਰ ਲੜਕੇ ਵਾਲਿਆਂ ਨੇ ਸਰਕਾਰੀ ਦਰਬਾਰ ਤੋਂ ਡਰਦਿਆਂ ਦਿਨ ਵੇਲੇ ਆਉਣ ਤੋਂ ਜਵਾਬ ਦੇ ਦਿੱਤਾ। ਫਿਰ ਵਿਆਹ ਦਾ ਪ੍ਰਬੰਧ ਰਾਤ ਨੂੰ ਜੰਗਲ ਵਿੱਚ ਕੀਤਾ ਗਿਆ। ਚਾਨਣ ਵਾਸਤੇ ਲੱਕੜਾਂ ਦੀ ਅੱਗ ਬਾਲੀ ਗਈ। ਦੁੱਲੇ ਨੇ ਵਿਆਹ ਵਾਸਤੇ ਲੋਕਾਂ ਦੇ ਘਰਾਂ ਤੋਂ ਉਗਰਾਹੀ ਕੀਤੀ। ਜਿਨ੍ਹਾਂ ਦੇ ਨਵੇਂ ਬੱਚੇ ਜਨਮੇ ਸਨ, ਉਨ੍ਹਾਂ ਦੇ ਘਰੋਂ ਵੀ ਦਾਨ ਇਕੱਠਾ ਕੀਤਾ ਗਿਆ। ਦੁੱਲੇ ਕੋਲ ਸੇਰ ਸ਼ੱਕਰ ਸੀ, ਜੋ ਉਸ ਨੇ ਸ਼ਗਨ ਵਜੋਂ ਦੇ ਦਿੱਤੀ। ਉਦੋਂ ਤੋਂ ਲੋਹੜੀ ਮਨਾਉਣ ਦੀ ਰਸਮ ਚੱਲ ਪਈ। ਇੰਜ ਦੁੱਲੇ ਭੱਟੀ ਦਾ ਸਬੰਧ ਲੋਹੜੀ ਨਾਲ ਵੀ ਹੈ।

ਸਰਕਾਰੀ ਖ਼ਜ਼ਾਨੇ ਨੂੰ ਲੁੱਟਣ ਅਤੇ ਸਰਕਾਰ ਵਿਰੁੱਧ ਜੰਗ ਛੇੜਨ ਦੇ ਦੋਸ਼ ਹੇਠ ਦੁੱਲੇ ਨੂੰ ਗ੍ਰਿਫ਼ਤਾਰ ਕਾਰਨ ਲਈ ਅਕਬਰ ਬਾਦਸ਼ਾਹ ਨੇ ਫ਼ੌਜੀ ਦਸਤੇ ਪਿੰਡੀ ਭੱਟੀਆਂ ਭੇਜ ਦਿੱਤੇ। ਉਥੇ ਜੰਗ ਦੌਰਾਨ ਦੁੱਲੇ ਨੂੰ ਘੇਰਾ ਪਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਅਕਬਰ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਬਾਦਸ਼ਾਹ ਨੇ ਦੁੱਲੇ ਨੂੰ ਫਾਂਸੀ ਦਾ ਹੁਕਮ ਦੇ ਦਿੱਤਾ। ਫਾਂਸੀ ਵਾਲੇ ਦਿਨ 26 ਮਾਰਚ 1599 ਨੂੰ ਬਹੁਤ ਸਾਰੇ ਲੋਕਾਂ ਦਾ ਇਕੱਠ ਲਾਹੌਰ ਵਿੱਚ ਜੁੜ ਗਿਆ। ਨੌ ਲੱਖਾ ਬਾਜ਼ਾਰ ਵਿੱਚ ਦੁੱਲੇ ਨੂੰ ਫਾਂਸੀ ਦਿੱਤੀ ਗਈ। ਦੁੱਲੇ ਭੱਟੀ ਦੀ ਲਾਸ਼ ਵਾਰਸਾਂ ਨੂੰ ਨਹੀਂ ਦਿੱਤੀ ਗਈ। ਉਸ ਨੂੰ ਮਿਆਣੀ ਸ਼ਾਹ ਦੇ ਕਬਰਸਤਾਨ ਵਿੱਚ ਦਫ਼ਨਾਇਆ ਗਿਆ। ਇਥੇ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਦੁੱਲੇ ਦੀ ਮੌਤ ਦੇ ਸੋਗ ਵਜੋਂ ਲੋਕਾਂ ਨੇ ਕਈ ਦਿਨਾਂ ਤੱਕ ਚੁੱਲ੍ਹੇ ਵੀ ਨਹੀਂ ਸਨ ਬਾਲੇ।






# ਮੰਗੇ ਹੋਏ ਪੈਨ ਦੀ ਹੋਣੀ

-ਕੁਲਦੀਪ ਸਿੰਘ ਧਨੌਲਾ

ਕੋਈ ਸਮਾਂ ਸੀ, ਜਦੋਂ ਪੜ੍ਹੇ ਲਿਖੇ ਦੀ ਨਿਸ਼ਾਨੀ ਪੈਨ ਹੁੰਦਾ ਸੀ ਤੇ ਹਰ ਪੜ੍ਹਿਆ ਲਿਖਿਆ ਸ਼ਖਸ ਆਪਣੀ ਜੇਬ ਵਿੱਚ ਪੈਨ ਰੱਖਦਾ ਸੀ। ਜਦੋਂ ਮੋਬਾਈਲ ਫੋਨ ਦਾ ਯੁੱਗ ਆਇਆ ਹੈ, ਇਸ ਨੇ ਪੈਨ ਦੀ ਕਦਰ ਘਟਾ ਦਿੱਤੀ ਹੈ। ਉਂਝ ਬਹੁਤ ਵਾਰ ਇਸ ਬਿਨਾਂ ਸਰਦਾ ਫਿਰ ਵੀ ਨਹੀਂ। ਦਫਤਰ, ਬੈਂਕ, ਹਸਪਤਾਲ, ਡਾਕਖਾਨੇ, ਪਟਵਾਰਖਾਨੇ, ਬੱਸ ਸਫਰ ਦੌਰਾਨ ਜਾਂ ਕੋਈ ਹੋਰ ਥਾਂ, ਜਿਥੇ ਚਾਰ ਬੰਦੇ ਸਿਰ ਜੋੜ ਜੁੜਦੇ ਖੜੇ ਮਿਲਦੇ ਹਨ, ਉਥੇ ਪੈਨ ਮੰਗਣ ਵਾਲੇ ਸ਼ਖਸ ਜ਼ਰੂਰ ਮਿਲ ਜਾਣਗੇ। ਇਨ੍ਹਾਂ ਥਾਵਾਂ 'ਤੇ ਅਨਪੜ੍ਹ ਬੰਦਾ ਤੁਹਾਨੂੰ ਕਹੇਗਾ; 'ਬਾਈ ਜੀ, ਮੇਰਾ ਫਾਰਮ ਭਰ ਦਿਓ।' ਉਹਦੀ ਤਾਂ ਮਜਬੂਰੀ ਹੋਈ, ਪਰ ਉਦੋਂ ਹੈਰਾਨੀ ਹੁੰਦੀ ਹੈ, ਜਦੋਂ ਬਣਦਾ ਫੱਬਦਾ ਪੜ੍ਹਿਆ ਲਿਖਿਆ ਬੰਦਾ ਤੁਹਾਨੂੰ ਆਖੇਗਾ, 'ਬਾਈ ਜੀ ਪੈਨ ਦਿਓ।' ਪਿੰਡਾਂ ਦੀਆਂ ਬੈਂਕਾਂ ਵਿੱਚ ਸਪੈਸ਼ਲ ਲੋਕਾਂ ਦੇ ਫਾਰਮ ਵਗੈਰਾ ਭਰਨ ਲਈ ਸਪੈਸ਼ਲ ਮੁਲਾਜ਼ਮ ਰੱਖੇ ਹੋਏ ਹਨ।

ਪੈਨ ਦੀ ਅਹਿਮੀਅਤ ਬਾਰੇ ਇਕ ਦੋਸਤ ਪੱਤਰਕਾਰ ਨੇ ਕਥਾ ਸੁਣਾਈ। ਬੱਸ ਸਫਰ ਦੌਰਾਨ ਜਦੋਂ ਉਹਨੇ ਕੰਡਕਟਰ ਵੱਲੋਂ ਟਿਕਟ ਮੰਗਣ 'ਤੇ ਆਪਣੀ ਸਰਕਾਰੀ ਸਫਰ ਵਾਲੀ ਕਾਪੀ ਅੱਗੇ ਕੀਤੀ ਤਾਂ ਕੰਡਕਟਰ ਕਹਿੰਦਾ: ਬਾਈ ਜੀ, ਆਪ ਹੀ ਭਰ ਦਿਓ। ਜਦੋਂ ਉਹਨੇ ਕਾਪੀ ਭਰਨ ਲਈ ਆਪਣੀ ਜੇਬ ਉਤੇ ਹੱਥ ਮਾਰਿਆ ਤਾਂ ਪੈਨ ਗਾਇਬ ਸੀ। ਕੰਡਕਟਰ ਤੋਂ ਪੈਨ ਮੰਗਣ ਉਤੇ ਕੰਡਕਟਰ ਸਿਰਫ ਤਿੰਨ ਸ਼ਬਦ ਬੋਲੇ, 'ਤੁਸੀਂ ਪੱਤਰਕਾਰ ਹੋ?' ਮਤਲਬ ਪੈਨ ਤੋਂ ਬਿਨਾ ਕਾਹਦਾ ਪੱਤਰਕਾਰ! ਉਸ ਦਿਨ ਤੋਂ ਬਾਅਦ ਇਹ ਦੋਸਤ ਜੇਬ ਨਾਲ ਪੈਨ ਟੰਗਣਾ ਨਹੀਂ ਭੁੱਲਿਆ।

ਚੰਡੀਗੜ੍ਹ ਦੇ ਸੈਕਟਰ 32 ਦੇ ਹਸਪਤਾਲ ਵਿੱਚ ਸਵੇਰੇ-ਸਵੇਰੇ ਪੜ੍ਹਿਆ ਲਿਖਿਆ ਬੰਦਾ ਆਪਣੀ ਘਰ ਵਾਲੀ ਨਾਲ ਅਜੇ ਪਹੁੰਚਿਆ ਹੀ ਸੀ ਕਿ ਉਹਨੇ ਫਾਰਮ ਭਰਨ ਲਈ ਆਉਂਦੇ ਸਾਰ ਪਹਿਲਾਂ ਇਧਰ ਉਧਰ ਦੇਖਿਆ, ਫਿਰ ਕੋਲ ਆ ਕੇ ਕਹਿਣ ਲੱਗਿਆ, 'ਬਾਈ ਜੀ, ਪੈਨ ਹੈ ਤਾਂ ਪਲੀਜ਼ ਦਿਓ।' ਉਹ ਅਜੇ ਫਾਰਮ ਭਰਨ ਹੀ ਲੱਗਿਆ ਸੀ ਕਿ ਉਹਦੇ ਦੁਆਲੇ ਕਈ ਹੋਰ ਬਗੈਰ ਪੈਨ ਵਾਲੇ ਆਣ ਖੜੇ ਹੋਏ। ਜ਼ਮਾਨੇ-ਜ਼ਮਾਨੇ ਦੀ ਗੱਲ ਹੈ, ਅੱਜ ਦੇ ਨੌਜਵਾਨਾਂ ਕੋਲ ਮਹਿੰਗੇ ਤੋਂ ਮਹਿੰਗੇ ਮੋਬਾਈਲ ਫੋਨ ਹੋਣਗੇ, ਪਰ 5-10 ਰੁਪਏ ਦੇ ਪੈਨ ਤੋਂ ਸੱਖਣੇ ਹੁੰਦੇ ਹਨ।

ਇਸ ਬਾਰੇ ਇਕ ਕਹਾਣੀ ਬੜਾ ਚਿਰ ਪਹਿਲਾਂ ਨਾਨਾ ਜੀ ਸਾਧੂ ਸਿੰਘ ਬੇਦਿਲ ਤੋਂ ਸੁਣੀ ਸੀ। ਗਲੀ ਵਾਲੇ ਪਾਸੇ ਵਾਲੀ ਮੋਰੀ ਵਿੱਚੋਂ ਪੈਨ ਚੋਰੀ ਹੋ ਗਿਆ। ਉਨ੍ਹਾਂ ਇਹ ਗੱਲ ਕਲਾਸ ਇੰਚਾਰਜ ਨੂੰ ਦੱਸੀ। ਉਹ ਕਹਿੰਦਾ, ਪੈਨ ਕਢਾਉਣਾ ਉਹਦੇ ਖੱਬੇ ਹੱਥ ਦੀ ਖੇਡ ਹੈ। ਉਹਨੇ ਕਲਾਸ ਵਿੱਚ ਜਾਂਦਿਆਂ ਹੀ ਕਹਿ ਦਿੱਤਾ, 'ਸਭ ਤੋਂ ਵਧੀਆ ਪੈਨ ਕਿਸ ਕੋਲ ਹੈ, ਦਿਓ ਜ਼ਰਾ ਹਾਜ਼ਰੀ ਲਾਈਏ।' ਇੰਨਾ ਸੁਣਦਿਆਂ ਹੀ ਇਕ ਮੁੰਡੇ ਨੇ ਚੁੱਕਿਆ ਪੈਨ ਅਧਿਆਪਕ ਦੇ ਹੱਥ ਫੜਾ ਦਿੱਤਾ।


ਪਹਿਲਾਂ ਵਧੀਆ ਲਿਖਾਈ ਲਈ ਅਧਿਆਪਕ ਵਿਦਿਆਰਥੀਆਂ ਨੂੰ ਖੁਦ ਕਲਮ ਘੜ ਕੇ ਦਿੰਦੇ ਸਨ ਤੇ ਦਵਾਤ ਵਿੱਚ ਸਿਆਹੀ ਹੁੰਦੀ ਸੀ। ਨਿਆਣਿਆਂ ਦੇ ਹੱਥਾਂ ਅਤੇ ਮੂੰਹ ਉਤੇ ਸਿਆਹੀ ਲੱਗੀ ਰਹਿੰਦੀ ਸੀ। ਅਧਿਆਪਕ ਜਦੋਂ ਫੱਟੀਆਂ ਉਤੇ ਸੁੰਦਰ ਲਿਖਾਈ ਲਈ ਗੂੜ੍ਹ ਦਿੰਦੇ ਤਾਂ ਵਿਦਿਆਰਥੀ ਫੁੱਲੇ ਨਹੀਂ ਸਮਾਉਂਦੇ ਸਨ। ਉਦੋਂ ਵੱਡੀਆਂ ਕਲਾਸਾਂ ਵਿੱਚ ਜਾ ਕੇ ਪੈਨ ਮਿਲਣਾ ਵੱਡੀ ਗੱਲ ਹੁੰਦੀ ਸੀ, ਇਸੇ ਲਈ ਪੈਨ ਨੂੰ ਸਾਂਭ-ਸਾਂਭ ਰੱਖਦੇ ਸੀ। ਉਦੋਂ ਇਕ ਬੋਤਲ ਪੈਨ ਹੁੰਦਾ ਸੀ, ਜਿਸ ਨੂੰ ਪਿੱਛੋਂ ਖੋਲ੍ਹ ਕੇ ਸਿਆਹੀ ਭਰੀ ਜਾਂਦੀ ਸੀ। ਬੋਕੀ ਵਾਲੇ ਪੈਨ ਦੀਆਂ ਵੀ ਧੁੰਮਾਂ ਸਨ। ਇਸ ਤਰ੍ਹਾਂ ਦੀਆਂ ਕਈ ਹੋਰ ਵੰਨਗੀਆਂ ਵੀ ਸਨ। ਸ਼ੁਰੂ-ਸ਼ੁਰੂ ਵਿੱਚ ਕਈ ਵਾਰ ਅਣਜਾਣਪੁਣੇ ਵਿੱਚ ਮਾਮੂਲੀ ਜਿਹੀ ਵਧ ਦਾਬ ਆਉਣ ਕਾਰਨ ਨਿੱਬ ਟੁੱਟ ਜਾਂਦਾ ਸੀ। ਛੁੱਟੀ ਵਾਲਾ ਦਿਨ ਕਈ ਵਾਰ ਪੈਨਾਂ ਦੇ ਲੇਖੇ ਲੱਗ ਜਾਂਦਾ, ਗਰਮ ਪਾਣੀ ਨਾਲ ਪੈਨ ਚੰਗੀ ਤਰ੍ਹਾਂ ਸਾਫ ਕੀਤਾ ਜਾਂਦਾ ਸੀ।

ਅੱਜ ਕੱਲ੍ਹ ਰੀਫਿਲ ਵਾਲੇ ਬਾਲ ਪੈਨ ਚੱਲ ਪਏ ਹਨ ਅਤੇ ਕਹਾਣੀ ਹੋਰ ਹੀ ਹੋ ਗਈ ਹੈ। ਜਦੋਂ ਬਾਲ ਪੈਨ ਨਵੇਂ-ਨਵੇਂ ਚੱਲੇ ਸਨ, ਤਾਂ ਕਈ 'ਮਾਡਰਨ' ਵਿਦਿਆਰਥੀਆਂ ਨੂੰ ਕਲਮ ਦੀ ਥਾਂ ਬਾਲ ਪੈਨ ਵਰਤਣ 'ਤੇ ਪੰਜਾਬੀ ਵਾਲੇ ਅਧਿਆਪਕਾਂ ਦੀਆਂ ਝਿੜਕਾਂ ਜਾਂ ਕੁੱਟ ਖਾਣੀ ਪੈ ਜਾਂਦੀ ਸੀ। ਪੰਜਾਬੀ ਵਾਲਿਆਂ ਦਾ ਕਹਿਣਾ ਸੀ ਕਿ ਬਾਲ ਪੈਨ ਨਾਲ ਲਿਖਾਈ ਵਿਗੜਦੀ ਹੈ। ਅੱਜ ਕੱਲ੍ਹ ਦੇ ਬੱਚਿਆਂ ਨੂੰ ਕਾਨੀਆਂ, ਕਲਮਾਂ ਅਤੇ ਦਵਾਤਾਂ ਬਾਰੇ ਪਤਾ ਹੀ ਨਹੀਂ, ਕਿਉਂ ਜੋ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਪੈਨ ਨਾਲ ਲਿਖਾਉਣਾ ਸ਼ੁਰੂ ਕਰਾਇਆ ਜਾਂਦਾ ਹੈ। ਅੱਜ ਦੇ ਬੱਚੇ ਓਨੇ ਪੈਨ ਇਕ ਸਾਲ ਵਿੱਚ ਖਤਮ ਕਰ ਦਿੰਦੇ ਹਨ ਜਿੰਨੇ ਪਹਿਲਾਂ ਪੜ੍ਹਾਈ ਪੂਰੀ ਹੋਣ ਤੱਕ ਨਹੀਂ ਸਨ ਲੱਗਦੇ ਹੁੰਦੇ। ਆਪਣੇ ਦਫਤਰ ਦੇ ਪ੍ਰੈਸ ਸੁਪਰਵਾਈਜ਼ਰ ਵੱਲੋਂ ਸਟੋਰ ਇੰਚਾਰਜ ਦੇ ਨਾਂ ਚਿੱਠੀ ਲਿਖ ਕੇ ਪਹਿਲੀ ਵਾਰੀ ਜਾਰੀ ਕਰਵਾਇਆ ਪੈਨ ਅੱਜ ਵੀ ਯਾਦ ਹੈ। ਪਹਿਲੇ ਵੇਲਿਆਂ ਵਿੱਚ ਪੈਨਾਂ ਦੇ ਸ਼ੁਕੀਨਾਂ ਨੂੰ ਮਹਿੰਗੇ ਪੈਨ ਰੱਖਣ ਦਾ ਸ਼ੌਕ ਵੀ ਹੁੰਦਾ ਸੀ ਅਤੇ ਜਨੂੰਨ ਵੀ।

ਪੈਨ ਨਾਲ ਇਕ ਹੋਰ ਬੜੀ ਦਿਲਚਸਪ ਗੱਲ ਜੁੜੀ ਹੋਈ ਹੈ। ਵੱਖ-ਵੱਖ ਥਾਵਾਂ ਉਤੇ ਮੰਗਣ 'ਤੇ ਦਿੱਤਾ ਪੈਨ ਅਕਸਰ ਘੱਟ ਵੱਧ ਹੀ ਮੁੜਦਾ ਹੈ। ਪੈਨ ਲੈਣ ਵਾਲਾ ਆਪਣਾ ਕੰਮ ਨਿਬੇੜ ਕੇ ਪੈਨ ਸਿੱਧਾ ਆਪਣੀ ਜੇਬ ਵਿੱਚ ਟੰਗਦਾ ਹੈ ਤੇ ਤੁਰਦਾ ਬਣਦਾ ਹੈ। ਮੰਗੇ ਪੈਨ ਦੀ ਵਾਪਸੀ ਨਾ ਹੋਣ ਕਾਰਨ ਜਾਂ ਭੁੱਲਣ ਕਾਰਨ ਭਾਵੇਂ ਮਹਿੰਗੇ ਪੈਨ ਖਰੀਦਣੇ ਬੰਦ ਕਰ ਦਿੱਤੇ ਹਨ, ਪਰ ਪੈਨ ਕੋਲ ਜ਼ਰੂਰ ਰੱਖਦਾ ਹਾਂ।



# ਗੁਰਦੁਆਰਾ ਪੰਚਮ ਪਾਤਿਸ਼ਾਹ, ਬੁੱਚੇਕੀ ਸ਼ੇਖੂਪੁਰਾ



ਇਹ ਪਿੰਡ ਲਾਹੌਰ ਜੜਾਂਵਾਲਾ ਰੋਡ ਉੱਤੇ ਬਹੁਤ ਹੀ ਪ੍ਰਸਿੱਧ ਹੈ। ਰੇਲਵੇ ਸਟੇਸ਼ਨ ਨਨਕਾਣਾ ਸਾਹਿਬ ਤੋਂ ਕੋਈ 15 ਕਿਲੋਮੀਟਰ ਦੱਖਣ ਪੱਛਮ ਵੱਲ ਹੈ। ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਨਨਕਾਣਾ ਸਾਹਿਬ ਤੋਂ ਚੱਲ ਕੇ ਇੱਥੇ ਆਏ ਸਨ । ਗੁਰਦੁਆਰਾ ਸੁੰਦਰ ਗੁੰਬਦਦਾਰ ਬਣਿਆ ਹੋਇਆ ਹੈ। ਸੰਗਤ ਦੇ ਠਹਿਰਣ ਵਾਸਤੇ ਸਰਾਂ ਤੇ ਲੰਗਰਖਾਨਾ ਵੀ ਹੈ। ਇਮਾਰਤ ਅਜੇ ਵੀ ਤਗੜੀ ਤੇ ਸੁੰਦਰ ਹੈ। ਇਸ ਵਿੱਚ ਗੌਰਮਿੰਟ ਪ੍ਰਾਇਮਰੀ ਸਕੂਲ ਹੈ।

# ਆਮਦ ਬਨਾਮ ਅਲਵਿਦਾ

-ਕੁਲਮਿੰਦਰ ਕੌਰ

ਕੁਝ ਮਹੀਨੇ ਪਹਿਲਾਂ ਮੇਰੇ ਵ੍ਹਟਸਐਪ ਉੱਤੇ ਮੇਰੀ ਮਾਂ ਦੀ ਆਈਕੋਨ ਫੋਟੋ ਵਾਲੇ 'ਦਾਦੀ ਦੇ ਲਾਡਲੇ' ਗਰੁੱਪ 'ਤੇ ਨਜ਼ਰ ਪਈ। ਕਹਾਣੀ ਸਮਝ ਆਈ ਕਿ ਵਿਦੇਸ਼ ਵੱਸਦੀ ਮਾਂ ਦੀ ਪੋਤਰੀ ਨੇ ਇਹ ਗਰੁੱਪ ਸ਼ੁਰੂ ਕੀਤਾ ਸੀ ਅਤੇ ਇਸ ਵਿੱਚ ਪਹਿਲੀ ਅਤੇ ਦੂਜੀ ਪੀੜ੍ਹੀ ਸ਼ਾਮਲ ਹੈ। ਦੂਜੀ ਪੀੜ੍ਹੀ ਵਿੱਚੋਂ ਬਹੁਗਿਣਤੀ ਵਿਦੇਸ਼ੀ ਧਰਤੀ 'ਤੇ ਹਨ। ਦੇਸ਼-ਵਿਦੇਸ਼ ਬੈਠੀ ਪਹਿਲੀ ਅਤੇ ਦੂਜੀ ਪੀੜ੍ਹੀ ਨਾਲ ਆਪਸੀ ਮੋਹ ਦੀਆਂ ਤੰਦਾਂ ਜੋੜਨ ਦਾ ਵਧੀਆ ਉਪਰਾਲਾ ਲੱਗਾ। ਅਮਰੀਕਾ ਵੱਸਦੇ ਭਤੀਜੇ ਨੇ ਆਪਣੀ ਮਾਂ, ਭਾਵ ਮੇਰੀ ਭਾਬੀ ਦੀ ਫੋਟੋ ਪਾਈ, ਦੇਖ ਕੇ ਦਿਲੋਂ ਆਵਾਜ਼ ਨਿਕਲੀ-ਵੇਖਾਂ! ਮੇਰੀ ਦੇਸੀ ਭਾਬੀ ਅਮਰੀਕਨ ਬਣੀ ਖੜ੍ਹੀ ਹੈ, ਕਿਧਰੇ ਘੁੰਮਣ ਫਿਰਨ ਗਏ ਸਨ। ਮੇਰਾ ਭਰਾ 15 ਸਾਲ ਪਹਿਲਾਂ ਇਸ ਦੁਨੀਆ ਤੋਂ ਚਲਾ ਗਿਆ। ਇਨ੍ਹਾਂ ਦੀਆਂ ਦੋ ਧੀਆਂ ਅਤੇ ਇੱਕ ਪੁੱਤਰ ਅਮਰੀਕਾ ਰਹਿੰਦਾ ਹੈ। ਧੀਆਂ ਨੂੰ ਚੰਗੇ ਵਰ-ਘਰ ਮਿਲੇ ਹੋਏ ਹਨ।

ਅੱਜਕੱਲ੍ਹ 'ਦਾਦੀ ਦੇ ਲਾਡਲੇ' ਗਰੁੱਪ ਉਦਾਸ, ਚੁੱਪ ਤੇ ਗਮਗੀਨ ਹੈ, ਗਰੁੱਪ ਵਿੱਚੋਂ ਮੇਰੀ ਮਾਂ ਦੀ ਇਹ ਅਮਰੀਕਨ ਨੂੰਹ ਵਿਛੋੜਾ ਦੇ ਗਈ ਹੈ। ਇਸ ਦਾ ਸਬੱਬ ਬੜਾ ਵਚਿੱਤਰ ਅਤੇ ਆਚੰਭਿਤ ਕਰਨ ਵਾਲਾ ਹੈ।.. ਭਾਬੀ ਚਾਰ ਸਾਲ ਪਹਿਲਾਂ ਸਥਾਈ ਵੀਜ਼ੇ ਉਤੇ ਅਮਰੀਕਾ ਚਲੇ ਗਈ, ਜਿੱਥੇ ਆਪਣੇ ਦੋਵੇਂ ਪੋਤਰੇ ਅਤੇ ਨੂੰਹ ਪੁੱਤ ਨਾਲ ਵਧੀਆਂ ਜ਼ਿੰਦਗੀ ਮਾਣ ਰਹੀ ਸੀ। ਸਾਲ ਕੁ ਪਹਿਲਾਂ ਮੁੰਡੇ ਨੇ ਇਨ੍ਹਾਂ ਦੇ ਹਿੱਸੇ ਆਈ ਹਵੇਲੀ ਵਿੱਚ ਬਣਾਈ ਕੋਠੀ ਵੇਚ ਦਿੱਤੀ, ਅਖੇ, ਦਾਦੀ ਨਹੀਂ ਰਹੀ ਤੇ ਮਾਂ ਨੇ ਉਥੇ ਇਕੱਲੀ ਨੇ ਕੀ ਜਾਣਾ! ਦੋਹਾਂ ਭੈਣਾਂ ਦੇ ਵੀ ਪੱਕੇ ਵੀਜ਼ੇ ਲਈ ਪੇਪਰ ਲੱਗੇ ਹੋਏ ਹਨ। ਕੁਦਰਤ ਦੀ ਕਰਨੀ, ਦਸੰਬਰ ਵਿੱਚ ਮੁੰਡੇ ਨੇ ਗਿੱਲ ਇੰਜਨੀਅਰਿੰਗ ਕਾਲਜ ਦੇ ਜਮਾਤੀਆਂ ਨਾਲ ਮੇਲ-ਮਿਲਾਪ ਦੀ ਸਿਲਵਰ ਜੁਬਲੀ ਦਾ ਹਿੱਸਾ ਬਣਨ ਦਾ ਮਨ ਬਣਾਇਆ ਤਾਂ ਮਾਂ ਵੀ ਤਿਆਰ ਹੋ ਗਈ, ਅਖੇ, ਮੈਂ ਧੀਆਂ ਕੋਲ ਛੇ ਮਹੀਨੇ ਰਹਿ ਆਵਾਂਗੀ।

ਆਉਂਦੇ ਵਕਤ ਏਅਰਪੋਰਟ ਉਤੇ ਖਿੱਚੀਆਂ ਫੋਟੋਆਂ ਵਿੱਚ ਚਿਹਰੇ ਦੇ ਹਾਵ-ਭਾਵ ਦੱਸਦੇ ਸਨ ਕਿ ਆਪਣੇ ਵਤਨ ਆਉਣ ਦੀ ਕਿੰਨੀ ਤੜਫ ਤੇ ਖੁਸ਼ੀ ਹੁੰਦੀ ਹੈ। ਧੀਆਂ ਨੇ ਪਰਵਾਰ ਸਮੇਤ ਸ਼ਤਾਬਦੀ ਤੋਂ ਉਤਰਦੀ ਮਾਂ ਦੇ ਸੁਆਗਤ ਵਿੱਚ ਗੁਲਦਸਤੇ ਭੇਂਟ ਕੀਤੇ। ਛੋਟੇ ਧੀ-ਜਵਾਈ ਮਲਸੀਆਂ ਕਿਸੇ ਕਾਲਜ ਵਿੱਚ ਨੌਕਰੀ ਉੱਤੇ ਹਨ। ਵੱਡੇ ਧੀ-ਜਵਾਈ ਨਕੋਦਰ ਸਿਵਲ ਹਸਪਤਾਲ ਦੇ ਕੁਆਰਟਰ ਵਿੱਚ ਰਹਿੰਦੇ ਨੇ, ਜਵਾਈ ਉਥੇ ਖੂਨਦਾਨ ਵਿੰਗ ਦਾ ਸੁਪਰਵਾਈਜ਼ਰ ਹੈ। ਥੋੜ੍ਹੇ ਦਿਨਾਂ ਬਾਅਦ ਸਾਨੂੰ ਮਿਲਣ ਮੁਹਾਲੀ ਪਹੁੰਚ ਗਏ। ਮੁੰਡਾ ਆਪਣੇ ਦੋਸਤਾਂ ਨਾਲ ਰੁੱਝਿਆ ਰਹਿੰਦਾ ਅਤੇ ਇਹ ਦੋ ਦਿਨ ਮੇਰੇ ਕੋਲ ਰਹੇ। ਅਸੀਂ ਬੇਸ਼ੁਮਾਰ ਗੱਲਾਂ ਕੀਤੀਆਂ, ਸ਼ਾਇਦ ਹੀ ਕਦੇ ਇੰਜ ਮਿਲ ਬੈਠੀਆਂ ਹੋਵਾਂਗੀਆਂ!

ਸਾਰਿਆਂ ਨੂੰ ਮਿਲ ਕੇ ਹਫ਼ਤੇ ਬਾਅਦ ਵੱਡੀ ਧੀ ਕੋਲ ਨਕੋਦਰ ਪਹੁੰਚ ਗਏ। ਉਥੋਂ ਮੁੰਡਾ ਤਾਂ ਇੱਕ ਮਹੀਨੇ ਬਾਅਦ ਜਨਵਰੀ ਵਿੱਚ ਵਾਪਸ ਅਮਰੀਕਾ ਪਹੁੰਚ ਗਿਆ, ਇਨ੍ਹਾਂ ਦੀ ਵਾਪਸੀ ਟਿਕਟ 14 ਮਈ ਦੀ ਸੀ। ਸੁਖ-ਆਨੰਦ ਵਿੱਚ ਸਮਾਂ ਬੀਤ ਰਿਹਾ ਸੀ, ਪਰ ਇੱਕ ਦਿਨ ਸਵੇਰੇ ਰੋਜ਼ ਵਾਂਗ ਚਾਹ-ਪਾਣੀ ਪੀ ਕੇ ਬਾਥਰੂਮ ਵਿੱਚ ਵੜੇ। ਜ਼ਿਆਦਾ ਸਮਾਂ ਲੰਘ ਗਿਆ ਤਾਂ ਧੀ ਨੇ ਦਰਵਾਜ਼ਾ ਖੜਕਾਇਆ, ਪਰ ਕੁੰਡੀ ਨਾ ਖੋਲ੍ਹੀ। ਦਰਵਾਜ਼ਾ ਤੋੜ ਕੇ ਬਾਹਰ ਕੱਢਿਆ ਤਾਂ ਬਰੇਨ ਹੈਮਰੇਜ ਕਾਰਨ ਬੇਹੋਸ਼ ਸਨ। ਜਲੰਧਰ ਦੇ ਕਿਸੇ ਵੱਡੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਟੈਸਟਾਂ ਨੇ ਦਿਮਾਗ ਦਾ ਬਹੁਤਾ ਹਿੱਸਾ ਖਤਮ ਹੋ ਜਾਣ ਦਾ ਸਬੂਤ ਦਿੱਤਾ, ਡਾਕਟਰਾਂ ਨੇ ਬਚਾਅ ਨਾ ਹੋ ਸਕਣ ਵੱਲ ਇਸ਼ਾਰਾ ਕੀਤਾ। ਬਟਾਲੇ ਵਿੱਚ ਇੱਕ ਹਸਪਤਾਲ ਦੇ ਡਾਕਟਰ, ਮੇਰੇ ਮਾਮੇ ਦੇ ਧੀ-ਜਵਾਈ ਨੇ ਵੀ ਰਿਪੋਰਟਾਂ ਦੇਖ ਕੇ ਇਹੀ ਪੁਸ਼ਟੀ ਕੀਤੀ, ਤੇ ਮਹੀਨਾ ਪਹਿਲਾਂ ਗਏ ਮੁੰਡੇ ਨੂੰ ਵਾਪਸ ਬਲਾਉਣ ਵਾਸਤੇ ਕਹਿ ਦਿੱਤਾ। ਪੁੱਤਰ ਆ ਗਿਆ, ਸਿੱਧਾ ਦਸ ਵਜੇ ਹਸਪਤਾਲ ਪਹੁੰਚ ਗਿਆ। ਮਾਂ ਨੂੰ ਮਿਲਿਆ ਤਾਂ ਉਸ ਇੱਕ ਅੱਖ ਪੁੱਟ ਕੇ ਕੁਝ ਹੰਝੂ ਵੀ ਵਹਾਏ। ਆਸ ਬੱਝੀ ਕਿ ਸ਼ਾਇਦ ਕੁਦਰਤ ਕੋਈ ਕ੍ਰਿਸ਼ਮਾ ਦਿਖਾ ਦੇਵੇ। ਅਗਲੇ ਦਿਨ ਸਲਾਹ-ਮਸ਼ਵਰੇ ਹੋਣ ਲੱਗੇ ਕਿ ਡਾਕਟਰ ਤੋਂ ਪੁੱਛ ਕੇ ਕਿਤੇ ਹੋਰ ਸ਼ਿਫਟ ਕਰ ਲਈਏ, ਕਿਸੇ ਬਿਧ ਮਾਂ ਨੂੰ ਬਚਾ ਲਈਏ। ਇਨ੍ਹਾਂ ਘੜੀਆਂ ਦੌਰਾਨ ਵੱਡੇ ਜਵਾਈ ਨੂੰ ਅੰਦਰ ਡਾਕਟਰ ਨੇ ਬੁਲਾ ਕੇ ਦੱਸਿਆ ਕਿ ਸਾਹ ਲੈਣਾ ਵੀ ਔਖਾ ਹੈ। ਇਸ ਉਸ ਦੇ ਅੰਤਲੇ ਸਾਹ ਹੀ ਸਨ, ਫਿਰ ਉਹ ਸਦਾ ਲਈ ਸ਼ਾਂਤ ਹੋ ਗਈ।

ਫੈਸਲਾ ਹੋ ਗਿਆ ਸੀ। ਦੇਹ ਮੌਰਚਰੀ ਵਿੱਚ ਰਖਵਾ ਕੇ ਵਾਪਸ ਨਕੋਦਰ ਚੱਲ ਪਏ, ਸਾਨੂੰ ਵੀ ਫੋਨ ਆ ਗਏ। ਨਕੋਦਰ ਜਾ ਕੇ ਫਿਰ ਬੇਚੈਨੀ ਕਿ ਮਾਂ ਦਾ ਸਰਕਾਰ ਅਤੇ ਰਸਮਾਂ ਕਿੱਥੇ ਹੋਣ। ਪਿੰਡ ਵਾਲਾ ਜੱਦੀਪੁਸ਼ਤੀ ਘਰ ਚਾਚੇ ਕੋਲ ਹੈ। ਉਸ ਕੋਲ ਗੱਲ ਪਹੁੰਚੀ ਤਾਂ ਚਾਚੇ ਚਾਚੀ ਨੇ ਸੰਸਕਾਰਾਂ ਤੇ ਰਿਸ਼ਤੇ-ਨਾਤਿਆਂ ਨੂੰ ਅਹਿਮੀਅਤ ਦਿੰਦਿਆਂ ਉਨ੍ਹਾਂ ਦੀ ਬਾਂਹ ਫੜੀ ਅਤੇ ਕਿਹਾ, ''ਭਾਬੀ ਜਿਸ ਘਰ ਵਿਆਹੀ ਆਈ ਸੀ, ਉਥੋਂ ਵਿਦਾ ਵੀ ਕਰਾਂਗੇ।''

ਅਮਰੀਕਾ ਤੋਂ ਨੂੰਹ ਦੇ ਆ ਜਾਣ ਉਤੇ ਭਾਬੀ ਨੂੰ ਜਲੰਧਰ ਤੋਂ ਸਿੱਧਾ ਪਿੰਡ ਉਸੇ ਪੁਰਾਣੇ ਘਰ ਲਿਆਂਦਾ ਗਿਆ, ਉਥੋਂ ਹੀ ਅੰਤਿਮ ਵਿਦਾਇਗੀ ਹੋਈ। ਸ਼ਾਇਦ ਇਹ ਵਿਧਾ ਵੀ ਕੁਦਰਤ ਆਪ ਬਣਾਉਂਦੀ ਹੈ। ਜਦੋਂ ਅਗਨੀ ਭੇਂਟ ਕੀਤਾ ਤਾਂ ਸਾਰਾ ਨਗਰ ਖੇੜਾ ਇਕੱਠਾ ਹੋਇਆ। 14 ਮਈ ਨੂੰ ਵਾਪਸ ਅਮਰੀਕਾ ਮੁੜਨ ਵਾਲੀ ਭਾਬੀ ਪੰਜ ਮਾਰਚ ਨੂੰ 'ਅਲਵਿਦਾ ਅਮਰੀਕਾ' ਆਖ ਕੇ ਆਪਣੇ ਨਗਰ ਖੇੜੇ ਦੀ ਭੋਇੰ ਵਿੱਚ ਹੀ ਸਦਾ ਲਈ ਇੱਕ-ਮਿੱਕ ਹੋ ਗਈ।

## ਪਾਕਿਸਤਾਨੀ ਕਹਾਣੀ

# ਲਫ਼ਜ਼ਾਂ ਦੀ ਤਾਕਤ

-ਮਕਸੂਦ ਸਾਕਿਬ
-ਲਿਪੀਅੰਤਰ- ਹਰਬੰਸ ਸਿੰਘ ਧੀਮਾਨ

ਅੰਮਾਂ ਮੇਰੀ ਅੰਮੀ ਦੀ ਮਾਂ ਜਾਣੇ ਮੇਰੀ ਨਾਨੀ ਨੇ ਜਬਰੂ ਨਜ਼ਾਮ ਵੇਖੇ ਹੋਏ ਸਨ। ਮੈਂ ਨਾਨੀ ਦੀਆਂ ਅੱਖਾਂ ਵੇਖਦਾ ਰਹਿੰਦਾ। ਓਥੇ ਗੋਲ ਮੋਟੇ ਸ਼ੀਸ਼ਿਆਂ ਦੀ ਐਨਕ ਲੱਗੀ ਹੁੰਦੀ। ਉਹਦੇ ਵਿੱਚੋਂ ਅੰਮਾਂ ਦੀਆਂ ਅੱਖਾਂ ਕਿਤੇ ਬਹੁਤ ਦੂਰ ਵਿਖਾਈ ਦਿੰਦਿਆਂ। ਮੈਂ ਹੋਰ ਨੀਝਦਾ ਤਾਂ ਉਹ ਦੋਵੇਂ ਇਕ ਹੋ ਕੇ ਡੂੰਘਾ ਖੂਹ ਬਣ ਜਾਂਦੀਆਂ। ਮੈਂ ਅੰਮਾਂ ਨੂੰ ਐਨਕ ਲਾਹੁਣ ਦਾ ਆਖਦਾ। ਉਹ ਨਾ ਮੰਨਦੀ। ਮੈਂ ਅੜੀ ਕਰਦਾ, ਉਹ ਥੋੜ੍ਹਾ ਗੁੱਸੇ ਹੁੰਦੀ, 'ਕਾਲੀ ਮੈਨੂੰ ਦਿੱਸਣਾ ਨਹੀਂ।'

'ਨਹੀਂ ਅੰਮਾਂ ਦਿੱਸੇਗਾ।' ਮੈਂ ਭੰਡੀ ਪਾਣੀ। ਅੰਮਾਂ ਨੇ ਪਲ ਲਈ ਐਨਕ ਲਾਹੁਣੀ ਤੇ ਮੈਂ ਉਹਦੀਆਂ ਅੱਖਾਂ ਵਿੱਚ ਗਹੁ ਨਾਲ ਵੇਖਣ ਦਾ ਯਤਨ ਕਰਨਾ..

'ਕਾਲੀ ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਹੋ ਗਿਆ ਏ ਮੈਨੂੰ ਕੁਝ ਨਹੀਂ ਪਿਆ ਦਿਸਦਾ।' ਉਹਨੇ ਐਨਕ ਲਾ ਲੈਣੀ। ਤੇ ਬਾਰੀਕ ਧਾਰੀਆਂ ਵਾਲੀ ਚਾਦਰ ਸਿਰ 'ਤੇ ਸਵਾਹਰੀ ਕਰਕੇ ਬੁੱਕਲ ਮਾਰ ਲੈਣੀ।

ਅੰਮਾਂ ਪਤਲੀ ਜਿਹੀ ਸੀ। ਰੰਗ ਪੱਕਾ ਸੀ, ਪਰ ਵਿਚੋਂ ਲਾਲੀ ਦੀ ਭਾਹ ਵੱਜਦੀ ਸੀ। ਕਾਲਾ ਨਹੀਂ ਤਾਂ ਲਾਖਾ ਜ਼ਰੂਰ ਆਖ ਸਕਦੇ ਸਾਂ। ਨੈਣ ਨਕਸ਼ ਉਮਰ ਵਡੇਰੀ ਹੋ ਕੇ ਵੀ ਨਾ ਫਿੱਕੇ ਪਏ ਸਨ ਤੇ ਨਾ ਮਿਟੇ ਲੱਗਦੇ ਸਨ। ਤਿੱਖੇ ਤੇ ਜਗਦੇ ਮਘਦੇ ਸਨ। ਦੋਵਾਂ ਕੰਨਾਂ ਵਿੱਚ ਚੀਲਕਾਂ ਹੁੰਦੀਆਂ ਸਾ ਸੂ। ਵੱਟਿਆਂ ਵਿੱਚ ਵਾਲੇ। ਕੁੜਤਾ ਪਾਂਦੀ ਸੀ ਬਰੀਕ ਮਗਜ਼ੀ ਵਾਲਾ। ਗਲਮੇ ਦੀ ਫੱਟੀ ਸਿੱਧੀ। ਰੰਗ ਬਹੁਤ ਗੇਰੂਆ, ਗਾੜ੍ਹਾ ਬਿਸਕੁਟੀ ਆਖ ਲਵੋ..

ਲੱਕ ਚਾਦਰ ਹੋਣੀ ਨੀਲੀ ਪਾਪਲੀਨ ਦੀ ਢੀਂਗਵਾਲ ਤੇ ਪੈਰੀਂ ਕੰਨਿਆਂ ਵਾਲੀ ਜੁੱਤੀ। ਬੜੀ ਬਾਂਕੀ ਜਿਹੀ। ਪੱਬਾਂ ਤੇ ਅੱਡੀਆਂ 'ਤੇ ਬੂਟੀ ਕਢੀਜੀ ਹੋਈ। ਹੁੱਕਾ ਬੜਾ ਛਿਕਦੀ ਸੀ। ਕੋਈ ਹਿੰਦੁਸਤਾਨਣਾਂ ਸਨ ਹਾਫਜ਼ਿਆਣੀਆਂ ਉਨ੍ਹਾਂ ਵੱਲ ਜਾਂਦੀ ਤੇ ਉਨ੍ਹਾਂ ਪਾਨ ਜ਼ਰੂਰ ਲਾ ਕੇ ਦੇਣਾ ਤਮਾਕੂ ਵਾਲਾ..ਬੜੇ ਸ਼ੌਕ ਨਾਲ ਖਾਂਦੀ ਸੀ। ਕਈ ਵਾਰੀ ਮੈਨੂੰ ਉਧਰ ਘੱਲ ਦੇਣਾ।

ਅੰਮਾਂ ਅੰਮੀ ਮੇਰੀ ਕੋਲ ਚਲ੍ਹਾਨੀ ਵਿੱਚ ਹੁੱਕਾ ਗੁੜਕਾਂਦੀ ਪਈ ਹੁੰਦੀ, ਮੈਂ ਬਾਹਰੋਂ ਆਉਣਾ ਤੇ ਨਾਲ ਘਸਰ ਕੇ ਬਹਿ ਜਾਣਾ, ਅੰਮਾਂ ਨੇ ਮੇਰੀ ਮਾਂ ਨਾਲ ਗੱਲਾਂ ਕਰਦਿਆਂ ਜ਼ਰੀ ਜਿੰਨ ਵੀ ਅਟਕਣਾ ਤੇ ਮੈਂ ਆਪਣੀ ਖੋਤਰਾ ਖੋਤਰੀ ਛੋਹ ਦੇਣੀ। ਇਕ ਦਿਨ ਮੈਂ ਪੁੱਛਿਆ, 'ਅੰਮਾਂ ਤੁਸਾਂ ਜਬਰੂ ਨਜ਼ਾਮ ਇਨ੍ਹਾਂ ਅੱਖਾਂ ਨਾਲ ਈ ਵੇਖੇ ਸਨ?'

'ਹਾਂ ਕਾਲੀ, ਸਗਵਿਆਂ ਇਨ੍ਹਾਂ ਅੱਖਾਂ ਨਾਲ, ਕੋਈ ਇਕ ਵਾਰ? ਹੁਣ ਤੇ ਚੇਤੇ ਈ ਨਹੀਂ ਕਿੰਨੀ ਕੁ ਵਾਰ ਡਿਠੇ, ਮੀਆਂ ਜੀ ਕੋਲ ਆਏ ਈ ਰਹਿੰਦੇ ਸਨ। ਜਦੋਂ ਮੱਸਿਆ ਦੀਆਂ ਰਾਤਾਂ ਚੱਲਣੀਆਂ, ਉਨ੍ਹਾਂ ਫੇਰਾ ਰੱਖਣਾ, ਅਕਸਰ ਇਕੱ-ਲੇ-ਇਕੱਲੇ, 'ਕੱਠੇ ਕਦੀ ਨਹੀਂ ਸਨ ਆਉਂਦੇ।'

'ਅੰਮਾਂ ਤੁਹਾਡੇ ਮੀਆਂ ਜੀ ਤੇ ਥਾਣੇਦਾਰ ਸਨ।'

'ਆਹੋ ਥਾਣੇ ਸਨ ਵੱਡੇ ਥਾਣੇਦਾਰ, ਫਾਰਸੀ ਪੜ੍ਹੇ ਹੋਏ ਸਨ ਨਾ..।'

'ਪਰ ਅੰਮਾਂ ਜਬਰੂ ਤੇ ਨਜ਼ਾਮ ਤੇ ਤੁਸੀਂ ਦੱਸਦੇ ਓ ਡਾਕੂ ਸਨ ਬੜੇ ਵੱਡੇ। ਉਨ੍ਹਾਂ ਦੇ ਸਿਰਾਂ ਦੇ ਇਨਾਮ ਲੱਗੇ ਹੋਏ ਸਨ। ਮੀਆਂ ਜੀ ਉਨ੍ਹਾਂ ਨੂੰ ਫੜਦੇ ਕਿਉਂ ਨਹੀਂ ਸਨ?'

'ਕਾਲੀ ਪੁੱਤਰ, ਡਾਕੂ ਤੇ ਉਨ੍ਹਾਂ ਨੂੰ ਅੰਗਰੇਜ਼ ਆਖਦੇ ਸਨ। ਉਨ੍ਹਾਂ ਨੂੰ ਤੇ ਹੋਰ ਵਰਯਾਮਾਂ ਨੂੰ ਡਾਕੂ ਦੱਸ ਕੇ ਉਹ ਆਪਣਾ ਤੇ ਆਪਣੇ ਝੋਲੀ ਚੁੱਕਾਂ ਦਾ ਭੇੜ ਬਣਾਂਦੇ ਸਨ। ਅਸਲ ਡਾਕੂ ਤੇ ਉਹ ਆਪ ਸਨ। ਮੀਆਂ ਜੀ ਸਾਡੇ ਇਹੋ ਦੱਸਦੇ ਸਨ ਸਾਨੂੰ। ਨਾਲ ਪੱਕੀ ਕਰਦੇ ਸਨ ਕਿਸੇ ਨਾਲ ਗੱਲ ਨਹੀਂ ਕਰਨੀ, ਨਹੀਂ ਤੇ ਅੰਗਰੇਜ਼ਾਂ ਜਿਉਂਦਿਆਂ ਨਹੀਂ ਛੱਡਣਾ। ਘਾਣ ਬੱਚਾ ਕੋਹਲੂ ਕਰ ਦੇਣਗੇ ਸਾਡਾ, ਅਸਾਂ ਆਪਣੇ ਆਪ ਨੂੰ ਸੂਤੀ ਰੱਖਣਾ..'

'ਅੰਮਾਂ ਤੁਸਾਂ ਉਨ੍ਹਾਂ ਨੂੰ ਏਨੀ ਵਾਰੀ ਵੇਖਿਆ, ਮੈਂ ਤੁਹਾਡੀਆਂ ਅੱਖਾਂ ਵੇਖਣਾਂ ਮੈਨੂੰ ਉਹ ਦਿੱਸਦੇ ਤੇ ਨਹੀਂ ਵਿੱਚੋਂ, ਪਰ ਮੈਨੂੰ ਇਹ ਸੁਆਦ ਆਵੰਦਾ ਏ ਬਈ ਇਨ੍ਹਾਂ ਅੱਖਾਂ ਉਨ੍ਹਾਂ ਨੂੰ ਵੇਖਿਆ ਹੋਇਆ ਏ। ਕਦੀ ਉਹ ਵਿੱਚੋਂ ਦਿਸ ਵੀ ਪੈਣ ਨਾ..'

ਅੰਮਾਂ ਹੱਸੀ, 'ਕਾਲੀ ਉਹ ਅੱਖਾਂ ਤੋਂ ਚੇਤੇ ਵਿੱਚ ਜਾ ਲੱਥੇ ਨੇ ਤੇ ਓਥੋਂ ਲਫਜ਼ਾਂ ਵਿੱਚ ਆ ਗਏ ਹੋਏ ਨੇ। ਹੁਣ ਸਾਰੀ ਗੱਲ ਇਨ੍ਹਾਂ ਲਫਜ਼ਾਂ ਉਤੇ ਏ ਜਦੋਂ ਚੇਤੇ ਆਉਂਦੇ ਨੇ ਚਿੱਤਰ ਬਣ ਕੇ ਅੱਖਾਂ ਮੂਹਰੇ ਆ ਜਾਂਦੇ ਨੇ ਤੇ ਲਫਜ਼ ਬਣ ਕੇ ਬੁੱਲ੍ਹਾਂ 'ਤੇ, ਮੈਂ ਤੈਨੂੰ ਗੱਲ ਸੁਣਾਈ ਸੀ ਨਾ ਉਨ੍ਹਾਂ ਦੀ।'

'ਹਾਂ ਅੰਮਾਂ..'

'ਤੇ ਕੀ ਲੱਗਾ ਸੀ ਤੈਨੂੰ?'

'ਉਹ ਮੈਨੂੰ ਦਿੱਸਣ ਲੱਗ ਪਏ। ਸਰਕਾਰੀ ਖਜ਼ਾਨੇ ਤੇ ਡਾਕਾਂ ਲੁੱਟਦੇ, ਸ਼ਾਹੂਕਾਰਾਂ ਦੀਆਂ ਵਹੀਆਂ ਫੂਕਦੇ। ਗਰੀਬਾਂ ਨੂੰ ਬਹੁੜਦੇ ਤੁਹਾਡੇ ਬੋਲੇ ਲਫਜ਼ਾਂ ਨਾਲ ਮੂਰਤਾਂ ਜਗ ਪਈਆਂ ਸਨ ਮੇਰੇ ਚੇਤੇ ਵਿੱਚ ਟੁਰਦੀਆਂ ਫਿਰਦੀਆਂ। ਇਥੋਂ ਈ ਤਾਂ ਮੈਨੂੰ ਖਿਆਲ ਆਇਆ ਸੀ ਉਨ੍ਹਾਂ ਨੂੰ ਤੁਹਾਡੀਆਂ ਅੱਖਾਂ ਵਿੱਚ ਵੇਖਣ ਦਾ। ਪਰ ਉਹ ਤੇ ਮੇਰੀਆਂ ਅੱਖਾਂ ਵਿੱਚ ਟੁਰਦੇ ਫਿਰਦੇ ਪਏ ਸਨ ਕੰਨਾਂ ਵਿੱਚ ਤੁਹਾਡੇ ਲਫਜ਼ ਗੂੰਜਣ ਨਾਲ..

ਪਰ ਅੰਮਾਂ ਇਹ ਨਹੀਂ ਦੱਸਿਆ ਤੁਸੀਂ ਉਹ ਮੀਏਂ ਕੋਲ ਕੀ ਲੈਣ ਆਉਂਦੇ ਸਨ?'

'ਕਾਲੀ, ਮੀਏਂ ਹੋਰੀਂ ਉਨ੍ਹਾਂ ਨੂੰ ਪੁਲਸ ਤੋਂ ਚੌਕਸ ਰੱਖਦੇ ਸਨ। ਕਿੱਥੇ-ਕਿੱਥੇ ਪੁਲਸ ਨੇ ਉਨ੍ਹਾਂ ਨੂੰ ਫੜਨ ਲਈ ਚੜ੍ਹਨਾ ਏ, ਸੂਹਿਆਂ ਨੇ ਕਿਹੜੀਆਂ-ਕਿਹੜੀਆਂ ਸੂਹਾਂ ਕੱਢੀਆਂ ਨੇ ਉਨ੍ਹਾਂ ਦੀਆਂ। ਉਨ੍ਹਾਂ ਕਿਹੜੀਆਂ ਥਾਵਾਂ 'ਤੇ ਜਾਣਾ ਏ ਤੇ ਕਿਹੜੀਆਂ 'ਤੇ ਨਹੀਂ। ਉਹ ਫੇਰ ਆਪਣਾ ਸਾਮ੍ਹਾ ਕਰ ਲੈਂਦੇ ਸਨ।'

'ਅੰਮਾਂ ਮੀਈ ਹੋਰੀਂ ਤੇ ਫੇਰ ਉਨ੍ਹਾਂ ਨਾਲ ਰਲੇ ਹੋਏ ਸਨ ਨਾ..'

'ਹਾਂ ਪੁੱਤਰ, ਉਨ੍ਹਾਂ ਦਾ ਪੱਖ ਕਰਨਾ ਈ ਈਮਾਨ ਸੀ।'

ਅੰਮੀ ਮੇਰੀ ਸਾਡੀ ਨਾਨੀ ਦੋਹਤਰੇ ਦੀ ਗੱਲ ਚੁੱਪਚਾਪ ਸੁਣਦੀ ਸੀ। ਉਹ ਰੋਟੀਆਂ ਪਕਾਉਂਦੀ-ਪਕਾਉਂਦੀ ਹਾਂਡੀ ਵੇਖ ਲੈਂਦੀ, ਉਹਦਾ ਧਿਆਨ ਦੋਵਾਂ ਚੁੱਲ੍ਹਿਆਂ ਵਿੱਚ ਬਲਦੇ ਗੋਹਿਆਂ ਅਤੇ ਲੱਕੜਾਂ 'ਤੇ ਵੀ ਰਹਿੰਦਾ ਸੀ।

'ਮੀਆਂ ਜੀ ਬੜੇ ਈਮਾਨ ਵਾਲੇ ਬੰਦੇ ਸਨ, ਕਦੀ-ਕਦੀ ਉਨ੍ਹਾਂ ਨੂੰ ਲੱਗਣਾ ਜਿਵੇਂ ਅੰਗਰੇਜ਼ ਅਫਸਰਾਂ ਨੂੰ ਉਨ੍ਹਾਂ 'ਤੇ ਸ਼ੱਕ ਹੋ ਗਿਆ ਏ ਜਬਰੂ ਨਜ਼ਾਮ ਦਾ। ਉਦੋਂ ਮੀਈ ਹੋਰੀਂ ਉਨ੍ਹਾਂ ਨੂੰ ਆਪਣੇ ਵੱਲ ਫੇਰਾ ਮਾਰਨੋਂ ਵਰਜ ਦਿੰਦੇ, ਇਹ ਸੁਨੇਹਾ ਉਹ ਕਿਸੇ ਹੱਥ ਨਹੀਂ ਸੀ ਘੱਲਦੇ। ਬਾਹਰ ਸੀ ਜਿਥੇ ਕੋਈ ਸ਼ੋਅ ਰੱਖਣ ਚੁੱਕਣ ਦੀ ਸੈਨਤ ਹੁੰਦੀ ਸੀ। ਅੱਛਾ ਕਾਲੀ, ਇਹ ਦੱਸ ਤੈਨੂੰ ਮੀਆਂ ਜੀ ਵੀ ਨਜ਼ਰ ਆਉਂਦੇ ਨੇ ਮੇਰੀਆਂ ਗੱਲਾਂ ਵਿੱਚੋਂ?'

'ਆਹੋ ਅੰਮਾਂ ਦਿੱਸਦੇ ਨੇ। ਜਿਵੇਂ-ਜਿਵੇਂ ਤੁਹਾਡੀ ਸੁਣਾਈ ਗੱਲ ਚੇਤੇ ਵਿੱਚ ਉਤਰਦੀ ਏ ਅੱਖਾਂ ਅੱਗੇ ਮੂਰਤ ਉਘੜਦੀ ਜਾਂਦੀ ਏ ਉਨ੍ਹਾਂ ਦੀ..'

'ਮੀਈ ਹੋਰਾਂ ਨੂੰ ਅਖੀਰ ਅੰਗਰੇਜ਼ਾਂ ਨੇ ਫੜ ਲਿਆ। ਥੋੜ੍ਹੀ ਬਹੁਤ ਜ਼ਮੀਨ ਸੀ ਤੇ ਆਪਣਾ ਘਰ, ਸਭ ਜ਼ਬਤ ਕਰ ਲਿਆ ਉਨ੍ਹਾਂ। ਅਖੇ ਇਹ ਅੰਗਰੇਜ਼ੀ ਸਰਕਾਰ ਦੇ ਵੈਰੀਆਂ ਨਾਲ ਰਲਿਆ ਹੋਇਆ ਏ। ਮੁਕੱਦਮਾ ਚਲਿਆ। ਕੁਝ ਵੀ ਸਾਬਤ ਨਾ ਹੋਇਆ। ਆਪੇ ਸ਼ਹਾਦਤੀ ਪਾ ਕੇ ਢਾਈ ਵਰ੍ਹੇ ਕੈਦ ਪੰਜ ਹਜ਼ਾਰ ਜੁਰਮਾਨਾ ਤੇ ਨੌਕਰੀਓਂ ਬਰਖਾਸਤ ਕਰ ਦਿੱਤੋ ਨੇ। ਬੜਾ ਔਖਾ ਵੇਲਾ ਆ ਗਿਆ ਕਾਲੀ ਸਾਡੇ 'ਤੇ। ਮਾਂ ਸਾਡੀ ਹਿੰਮਤ ਵਾਲੀ ਸੀ। ਜ਼ਰੀ ਨਾ ਡੋਲੀ। ਭਰਾ ਦੇ ਹਿੱਸੇ 'ਤੇ ਪੈਲੀ ਲੈ ਲਈ ਉਸ। ਚੌਥੇ 'ਤੇ। ਆਪ ਕੀਤੀ ਓਸ ਵਾਹੀ। ਸਾਨੂੰ ਸਾਰਿਆਂ ਨੂੰ ਨਾਲ ਲਾ ਕੇ। ਭਰਾ ਸਨ ਤਿੰਨ ਮੈਥੋਂ ਵੱਡੇ। ਸਰੀਰ ਦੇ ਵਾਹਵਾ ਤਗੜੇ। ਮਾਂ ਦੀਆਂ ਬਾਹਵਾਂ ਬਣ ਗਏ। ਅਸੀਂ ਦੋ ਭੈਣਾਂ ਵੀ ਜਿੰਨੇ ਜੋਗੀਆਂ ਸਨ, ਮਾਂ ਨਾਲ ਹੱਥ ਵਟਾਂਦੀਆਂ। ਇਹ ਸਾਰੀ ਚੂਨੀਆਂ ਦੀ ਗੱਲ ਏ। ਅਸੀਂ ਓਥੋਂ ਦੇ ਈ ਤੇ ਸਾਂ। ਜਬਰੂ ਨਜ਼ਾਮ ਲਈ ਅੰਗਰੇਜ਼ਾਂ ਸ਼ਾਹੂਕਾਰਾਂ, ਲੰਬਰਾਂ, ਸਫੈਦ ਪੋਸ਼ਾਂ, ਜ਼ੈਲਦਾਰਾਂ ਤੇ ਪੁਲਸਾਂ ਦੀਆਂ ਥਾਂ-ਥਾਂ ਸ਼ੌਰਾਂ ਲਾ ਦਿੱਤੀਆਂ। ਉਨ੍ਹਾਂ ਦੇ ਜੁੱਟਾਂ ਵਿੱਚ ਕੱਚੇ ਪਿੱਲੇ ਬੰਦੇ ਵਾੜ ਦਿਤੀਓ ਨੇ। ਓੜਕ ਹੋਣੀ ਵਾਰ ਕਰ ਗਈ। ਪਹਿਲਾਂ ਜਬਰੂ ਮਾਰਿਓਂ ਨੇ ਫੇਰ ਨਜ਼ਾਮ ਘੋੜੇ 'ਤੇ ਚੜ੍ਹਿਆ ਸਿਰ 'ਤੇ ਕੜਾਹੀ ਧਰ ਕੇ ਪੁਲਸ ਦਾ ਘੇਰਾ ਤੋੜ ਕੇ ਨਿਕਲਦ ਬੂਹੇ ਦੀ ਸਰਦਲ ਨਾਲ ਵੱਜ ਕੇ ਢੱਠਾ ਥਾਂ ਮਰ ਗਿਆ। ਜਬਰੂ ਦਾ ਆਂਹਦੇ ਨੇ ਮੁਲਾਹਜ਼ੇ ਵਿੱਚ ਦਿਲ ਕੱਢ ਕੇ ਤੋਲਿਓ ਨੇ ਤਾਂ ਸੇਰ ਪੱਕੇ ਦਾ ਨਿਕਲਿਆ, ਅਸਲ ਵਿੱਚ ਜਵਾਨ ਈ ਢਿਗ ਸੀ। ਆਹ ਪਹਾੜ ਜਿੱਡਾ ਕੱਦ, ਕਾਲਾ ਸ਼ਾਹ ਰੰਗ, ਟਿੰਡ ਕਰਾਈ ਹੁੰਦੀ ਸਾਸੂ। ਦੋਵਾਂ ਕੰਨੀਆਂ ਵਿੱਚ ਨੱਤੀਆਂ। ਜਾਮ੍ਹਨਾਂ ਦਾ ਨਾਈ ਸੀ। ਧਰਮ ਦਾ ਹਿੰਦੂ ਤੇ ਨਜ਼ਾਮ ਮੁਸਲਮੀਨ। ਨਹੀਂ ਹਿੰਦੂ ਮੁਸਲਮੀਨ ਕੋਈ ਨਾ। ਬੱਸ ਨਾਈ ਤੇ ਲੁਹਾਰ ਤੇ ਮੀਆਂ ਜੱਟ ਹਲਵਾਹਕ, ਸਗਵਾਂ ਉਨ੍ਹਾਂ ਵਿੱਚੋਂ ਇਕ। ਇੱਕਾ ਮੇਲ। ਨਜ਼ਾਮ ਗੋਰਿਆਂ ਦੀ ਪਲਟਣ ਛੱਡ ਆਇਆ। ਇਹ ਗੱਲਾਂ ਵੱਡੇ-ਵੱਡੇ ਆਲਮਾਂ ਨੂੰ ਨਹੀਂ ਸੀ ਸੁਝਦੀਆਂ ਇਨ੍ਹਾਂ ਪਾ ਲਈਆਂ ਸਨ। ਜਥੇਬੰਦ ਹੋ ਗਏ। ਵੱਖਰਾ-ਵੱਖਰਾ ਤੇ ਨਾਂ ਈ ਨਹੀਂ ਸੀ ਬੋਲਦਾ ਉਨਵਾਂ ਦਾ, ਜਿਸ ਆਖਣਾ ਜਬਰੂ ਨਜ਼ਾਮ ਈ ਆਖਣਾ। ਮਜ਼ਹਬ ਸਨ ਨੇ ਜ਼ਾਲਮਾ ਨਾਲ ਲੜਨਾ। ਇਹ ਤੋਂ ਵੱਡਾ ਕਿਹੜਾ ਮਜ਼ਹਬ ਹੋ ਸਕਦਾ ਏ।'

ਅੰਮਾਂ ਚੁੱਪ ਕਰ ਗਈ।

ਜ਼ਮਾਨੇ ਬੀਤ ਗਏ ਨੇ। ਮੈਂ ਆਪਣੀ ਅੰਮੀ ਦੀ ਉਸ ਵੇਲੇ ਦੀ ਉਮਰ ਟੱਪ ਕੇ ਆਪੂੰ ਅੰਮਾਂ ਦੀ ਉਮਰ ਨੂੰ ਅੱਪੜਿਆ ਖਲਾ ਹਾਂ। ਅੰਮਾਂ ਤੋਂ ਮਗਰੋਂ ਇਹ ਜਬਰੂ ਨਜ਼ਾਮ ਦੀ ਗੱਲ ਮੈਂ ਅੰਮੀ ਕੋਲੋਂ ਸੁਣਦਾ ਰਹਿਆਂ। ਜਦੋਂ ਉਨ੍ਹਾਂ ਨੂੰ ਵੇਖਣ ਨੂੰ ਦਿਲ ਕਰਦਾ ਏ ਅੰਮੀ ਤੇ ਅੰਮਾਂ ਦੇ ਮੂੰਹੋਂ ਨਿਕਲੇ ਲਫਜ਼ ਚੇਤੇ ਕਰਨੇ ਛੋਹ ਦੇਨਾਂ। ਸਾਰਾ ਕੁਝ ਮੇਰੀਆਂ ਅੱਖਾਂ ਵਿੱਚ ਉਭਰ ਆਉਂਦਾ ਏ..ਮੇਰੀ ਆਪਣੀ ਬੋਲੀ 'ਤੇ ਪੱਕ ਹੋਰ ਦ੍ਰਿੜ ਹੋ ਜਾਂਦਾ ਏ। ਮੈਂ ਹੋਰ ਹਰ ਬੋਲੀ ਸਿੱਖ ਸਕਨਾਂ, ਪੜ੍ਹ ਸਕਨਾਂ, ਲੋੜ ਪਵੇ ਤਾਂ ਬੋਲ ਵੀ ਸਕਨਾਂ, ਪਰ ਚੇਤੇ ਮੇਰੇ ਵਿੱਚ ਚਿਤਰ ਆਪਣੀ ਬੋਲੀ ਈ ਵਿਖਾਲਦੀ ਏ। ਨਾਨੀ ਮੇਰੀ ਕਿੱਡੀ ਸੱਚੀ ਸੀ। ਕਹਿੰਦੀ ਸੀ, ਆਪਣੇ ਲਫਜ਼ਾਂ ਰਾਹੀਂ ਜੋ ਤੂੰ ਸੁਣਿਆ ਏ, ਜੋ ਤੂੰ ਵੇਖਿਆ ਏ ਉਹਨੂੰ ਜਿੰਨੀ ਵਾਰੀ ਚਾਹਵੇਂ ਵੇਖ ਸਕਣਾ ਐਂ। ਜਿਉਂਦਾ ਜਾਗਦਾ। ਬੱਸ ਲਫਜ਼ ਨਾ ਵਿਸਰਨ ਤੈਨੂੰ, ਲਫਜ਼ ਵਿਸਰੇ ਤਾਂ ਚੇਤਾ ਗਵਾਚ ਜਾਈਦਾ। ਚੇਤੇ ਬਿਨਾ ਤੇ ਬੰਦੇ ਦੀ ਜੜ੍ਹ ਮੁਨਿ-ਆਦ ਈ ਖੇਹ ਹੋ ਜਾਂਦੀ ਏ ਉਸ ਅਜੋਕ ਭਲਕ ਕੀ ਵੇਖਣੀ ਏ। ਜਬਰੂ ਨਜ਼ਾਮ ਸਾਡਾ ਕਲੌਕ ਸਨ। ਉਨ੍ਹਾਂ ਬਿਨਾਂ ਨਾ ਸਾਡਾ ਹੁਣ ਏ ਨਾ ਸਾਡਾ ਅੱਗੋਂ। ਸ਼ਰਤ ਇੱਕਾ ਏ ਜੇ ਸਾਡੀ ਬੋਲੀ ਸਾਨੂੰ ਇਹ ਦੱਸੇ ਤਾਂ..।

# ਧੋਖੇਬਾਜ਼ੀ ਤੇ ਵਿਸ਼ਵਾਸਘਾਤ ਨਾਲ 'ਖੁਸ਼ਹਾਲੀ' ਛੇਤੀ ਆਉਂਦੀ ਹੈ!

-ਪੂਰਨ ਚੰਦ ਸਰੀਨ-

ਇਕ ਪਾਸੇ ਧੋਖਾ ਅਤੇ ਵਿਸ਼ਵਾਸਘਾਤ ਤਾਂ ਦੂਜੇ ਪਾਸੇ ਈਮਾਨਦਾਰੀ ਅਤੇ ਭਰੋਸੇ ਵਿੱਚੋਂ ਕਿਸੇ ਇਕ ਨੂੰ ਅਪਣਾਉਣ ਦੀ ਚੁਣੌਤੀ ਸਾਹਮਣੇ ਹੋਵੇ ਤਾਂ ਆਮ ਤੌਰ 'ਤੇ ਲੋਕ ਪਹਿਲਾ ਬਦਲ ਚੁਣਦੇ ਹਨ। ਇਹ ਇਕ ਕੌੜਾ ਸੱਚ ਹੈ, ਕਿਉਂਕਿ ਇਸ ਨਾਲ ਖੁਸ਼ਹਾਲੀ ਜਲਦੀ ਆਉਂਦੀ ਹੈ, ਜਦ ਕਿ ਦੂਜੇ ਰਾਹ ਉੱਤੇ ਚੱਲਣ ਲਈ ਥੁੜ੍ਹਾਂ ਅਤੇ ਮੁਸ਼ਕਿਲਾਂ ਦੇ ਦੌਰ ਵਿੱਚੋਂ ਲੰਘਣਾ ਪੈਂਦਾ ਹੈ, ਫੇਰ ਜਾ ਕੇ ਕਿਤੇ ਖੁਸ਼ਹਾਲੀ ਦੀ ਮੰਜ਼ਿਲ ਸਾਹ-ਮਣੇ ਦਿਖਾਈ ਦਿੰਦੀ ਹੈ। ਧੋਖਾਧੜੀ ਨੂੰ ਜ਼ਿੰਦਗੀ ਜਿਊਣ ਦਾ ਢੰਗ ਮੰਨਣ ਵਾਲਿਆਂ ਨੂੰ ਆਪਣੀ ਕਹੀ ਜਾਂ ਕੀਤੀ ਹੋਈ ਗੱਲ ਅਕਸਰ ਯਾਦ ਹੀ ਨਹੀਂ ਰਹਿੰਦੀ, ਇਸ ਲਈ ਉਹ ਇਸ ਢੰਗ ਨੂੰ ਵਾਰ-ਵਾਰ ਅਪਣਾਉਂਦੇ ਹਨ। ਇਸ ਦੇ ਉਲਟ ਈਮਾਨਦਾਰੀ ਤੇ ਸਾਦਗੀ ਨੂੰ ਜੀਵਨ ਸ਼ੈਲੀ ਵਾਂਗ ਸਵੀਕਾਰ ਕਰਨ ਵਾਲਿਆਂ ਨੂੰ ਹਰ ਗੱਲ ਯਾਦ ਰਹਿੰਦੀ ਹੈ ਅਤੇ ਉਹ ਹਮੇਸ਼ਾ ਸਹੀ ਆਚਰਣ ਨੂੰ ਪਹਿਲ ਦਿੰਦੇ ਹਨ।

ਇਕ ਮਿਸਾਲ ਹੈ; ਤੁਸੀਂ ਦੁਕਾਨਦਾਰ ਤੋਂ ਕੁਝ ਖਰੀਦਿਆ ਅਤੇ ਉਸ ਨੇ ਘੱਟ ਤੋਲ ਕੇ ਜਾਂ ਜ਼ਿਆਦਾ ਪੈਸੇ ਲੈ ਕੇ ਜਾਂ ਲੈਣ ਦੇਣ ਵਿੱਚ ਹੇਰਾਫੇਰੀ ਕਰਕੇ ਤੁਹਾਨੂੰ ਠੱਗ ਲਿਆ। ਦੁਕਾਨਦਾਰ ਬੀਮਾਰ ਹੈ ਅਤੇ ਉਹ ਹਸਪਤਾਲ ਗਿਆ ਤਾਂ ਉਸ ਨੂੰ ਉਥੇ ਇਲਾਜ ਲਈ ਬਹੁਤ ਸਾਰਾ ਗੈਰ ਜ਼ਰੂਰੀ ਭੁਗਤਾਨ ਕਰਨਾ ਪਿਆ। ਹਸਪਤਾਲ ਦੇ ਮਾਲਕ ਨੇ ਆਪਣੇ ਲੜਕੇ ਨੂੰ ਸਕੂਲ 'ਚ ਦਾਖਲ ਕਰਾਉਣਾ ਹੈ ਤਾਂ ਉਥੇ ਉਸ ਨੂੰ ਕਈ ਗੈਰ ਜ਼ਰੂਰੀ ਭੁਗਤਾਨ ਕਰਨੇ ਪਏ। ਸਕੂਲ ਮਾਲਕ ਨੇ ਅਧਿਆਪਕਾਂ ਨੂੰ ਘੱਟ ਤਨਖਾਹ ਦੇ ਕੇ ਵੱਧ ਉਤੇ ਦਸਤਖਤ ਕਰਵਾਏ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਟਿਊਸ਼ਨ ਲੈਣ ਲਈ ਮਜਬੂਰ ਕੀਤਾ ਤਾਂ ਉਨ੍ਹਾਂ ਦੇ ਮਾਤਾ ਪਿਤਾ ਨੂੰ ਠੱਗਣ ਵਾਂਗ ਲੱਗਾ। ਉਨ੍ਹਾਂ ਨੇ ਆਪਣੇ ਕੰਮ ਜਾਂ ਦਫਤਰ 'ਚ ਠੇਕੇਦਾਰ ਤੋਂ ਰਿਸ਼ਵਤ ਲੈ ਲਈ। ਠੇਕੇਦਾਰ ਸ਼ਰਾਬ ਦੇ ਠੇਕੇ ਉੱਤੇ ਗਿਆ ਤਾਂ ਉਸ ਕੋਲੋਂ ਤੈਅ ਕੀਮਤ ਤੋਂ ਜ਼ਿਆਦਾ ਰਕਮ ਲਈ ਗਈ। ਸ਼ਰਾਬ ਠੇਕੇ ਦਾ ਮਾਲਕ ਪੁਲਸ ਦੇ ਸਿਪਾਹੀ ਨੂੰ ਹਫਤਾ ਦਿੰਦਾ ਹੈ। ਸਿਪਾਹੀ ਆਪਣੇ ਬੌਸ ਨੂੰ ਉਸ ਵਿੱਚੋਂ ਹਿੱਸਾ ਦਿੰਦਾ ਹੈ। ਬੌਸ ਆਪਣੇ ਸਿਆਸੀ ਆਕੇ ਨੂੰ ਪੈਸੇ ਦਿੰਦਾ ਹੈ ਤਾਂ ਕਿ ਮਲਾਈਦਾਰ ਥਾਣੇ ਵਿੱਚ ਪੋਸਟਿੰਗ ਬਣੀ ਰਹੇ। ਸਿਆਸ-ਦਾਨ ਚੰਦੇ ਜਾਂ ਤੁਹਾਡੀ ਸੇਵਾ ਕਰਨ ਦੇ ਨਾਂ ਉੱਤੇ ਵਸੂਲੀ ਕਰਦਾ ਹੈ। ਮੰਨ ਲਓ ਕਿ ਤੁਸੀਂ ਹਰੇਕ ਚੀਜ਼ 'ਚ ਨੁਕਤਾਚੀਨੀ ਕਰਨ ਲੱਗੋ, ਸੌਦੇਬਾਜ਼ੀ ਕਰੋਗੇ, ਗੱਲ-ਗੱਲ 'ਤੇ ਬਹਿਸ ਕਰੋਗੇ, ਭਾਵ ਬੇਇਨਸਾਫੀ ਸਹਿਣ ਲਈ ਤਿਆਰ ਨਹੀਂ ਹੋਵੋਗੇ ਤਾਂ ਤੁਹਾਨੂੰ ਕੁਝ ਨਹੀਂ ਮਿਲੇਗਾ ਅਤੇ ਖਾਲੀ ਹੱਥ ਘਰ ਪਰਤ ਆਉਗੇ।

ਜਿਸ ਤਰ੍ਹਾਂ ਸਕੂਲ ਵਿੱਚ ਅਧਿਆਪਕ ਦੇ ਪਿੱਠ ਥਾਪੜਦਿਆਂ ਹੀ ਨਕਲ ਕਰਨ ਲੱਗ ਪੈਣਾ ਅਤੇ ਫਿਰ ਚੰਗੇ ਨੰਬਰਾਂ ਨਾਲ ਪਾਸ ਹੋਣ 'ਤੇ ਮਾਤਾ ਪਿਤਾ ਦੀਆਂ ਨਜ਼ਰਾਂ 'ਚ ਹੀਰੋ ਬਣਨ ਦਾ ਅਹਿਸਾਸ ਹੁੰਦਾ ਹੈ, ਉਸੇ ਤਰ੍ਹਾਂ ਵਿਅਕਤੀ ਇਸ ਰਾਹ ਉੱਤੇ ਚੱਲ ਕੇ ਸਭ ਕੁਝ ਆਸਾਨੀ ਨਾਲ ਹਾਸਲ ਕਰਨ ਨੂੰ ਆਪਣਾ ਹੱਕ ਮੰਨ ਲੈਂਦਾ ਹੈ। ਇਹੋ ਕਾਰਨ ਹੈ ਕਿ ਸਮਾਜ 'ਚ ਜ਼ਿਆਦਾਤਰ ਉਹੀ ਲੋਕ ਠੱਗੀ ਕਰਦੇ ਫੜੇ ਜਾਂਦੇ ਹਨ, ਜੋ ਧਨਾਢ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਬੜੀ ਪੜ੍ਹਾਈ ਲਿਖਾਈ ਕੀਤੀ ਹੁੰਦੀ ਹੈ ਅਤੇ ਜਿਨ੍ਹਾਂ ਦਾ ਕਰੀਅਰ ਬਹੁਤ ਸ਼ਾਨਦਾਰ ਹੁੰਦਾ ਹੈ ਜਾਂ ਉਨ੍ਹਾਂ ਨੂੰ ਵਿਰਾਸਤ ਦੇ ਨਾਂ 'ਤੇ ਸਭ ਕੁਝ ਮਿਲ ਜਾਂਦਾ ਹੈ। ਇਸ ਸਭ ਦੇ ਦੌਰਾਨ ਈਮਾਨਦਾਰੀ ਅਤੇ ਮਿਹਨਤ ਨਾਲ ਆਪਣਾ ਮੁਕਾਮ ਹਾਸਲ ਕਰਨ ਵਾਲਿਆਂ ਦੀ ਰਫਤਾਰ 32 ਦੰਦਾਂ ਵਿਚਕਾਰ ਇਕੱਲੀ ਜੀਭ ਵਾਂਗ ਹੁੰਦੀ ਹੈ।

ਇਹ ਸੱਚ ਹੈ ਕਿ ਵਿਹਲਾ ਦਿਮਾਗ ਸ਼ੈਤਾਨ ਦਾ ਘਰ ਹੁੰਦਾ ਹੈ ਤੇ ਵਿਹਲੇ ਸਮੇਂ 'ਚ ਧੋਖਾ ਦੇਣ ਜਾਂ ਠੱਗੀ ਮਾਰਨ ਦੇ ਮਨਸੂਬੇ ਘੜੇ ਜਾਂਦੇ ਹਨ। ਖੁਦ ਨੂੰ ਖਤਰਿਆਂ ਦਾ ਖਿਡਾਰੀ ਮੰਨਦੇ ਲੋਕ ਠੱਗੀ ਮਾਰਨ ਦੇ ਉਸਤਾਦ ਹੁੰਦੇ ਹਨ। ਉਨ੍ਹਾਂ ਦਾ ਆਤਮ ਵਿਸ਼ਵਾਸ ਅਤੇ ਮਨੋਬਲ ਇੰਨ ਮਜ਼ਬੂਤ ਹੁੰਦਾ ਹੈ ਕਿ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਦੇ ਹਨ, ਹਮੇਸ਼ਾ ਵਿਸ਼ਵਾਸ ਨਾਲ ਭਰੇ ਨਜ਼ਰ ਆਉਂਦੇ ਹਨ ਤੇ ਉਨ੍ਹਾਂ ਲੋਕਾਂ ਦਾ ਝੁੰਡ ਬਣਾ ਲੈਂਦੇ ਹਨ, ਜੋ ਨਾ ਸਿਰਫ ਉਨ੍ਹਾਂ ਨੂੰ ਪਸੰਦ ਕਰਦੇ ਹੋਣ, ਸਗੋਂ ਉਨ੍ਹਾਂ ਦੀ ਹਰ ਗੱਲ ਨੂੰ ਪੱਥਰ 'ਤੇ ਲਕੀਰ ਮੰਨਦੇ ਹੋਣ, ਚਾਹੇ ਉਹ ਕਿੰਨੀ ਵੀ ਬੇਸੁਰੀ ਜਾਂ ਬੇਤੁਕੀ ਕਿਉਂ ਨਾ ਹੋਵੇ। ਝੂਠ ਬੋਲਣ 'ਚ ਸੱਚ ਬੋਲਣ ਨਾਲੋਂ ਜ਼ਿਆਦਾ ਮਿਹਨਤ ਲੱਗਦੀ ਹੈ ਕਿਉਂਕਿ ਉਸ ਨਾਲ ਭਾਵਨਾਵਾਂ ਨੂੰ ਆਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਝੂਠ ਅਤੇ ਬੇਈਮਾਨੀ ਇਨਸਾਨ ਨੂੰ ਤਣਾਅ 'ਚ ਰੱਖਦੀ ਹੈ ਕਿਉਂਕਿ ਉਸ ਦੇ ਸਿਰ 'ਤੇ ਹਮੇਸ਼ਾ ਪੋਲ ਖੁੱਲ੍ਹਣ ਦਾ ਡਰ ਤਲਵਾਰ ਵਾਂਗ ਲਟਕਦਾ ਰਹਿੰਦਾ ਹੈ। ਝੂਠ ਬੋਲਦੇ ਲੋਕ ਨਜ਼ਰਾਂ ਬਚਾਅ ਕੇ ਗੱਲ ਕਰਦੇ ਹਨ, ਬੋਲਣ 'ਚ ਵਾਰ-ਵਾਰ ਗਲਤੀ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਕਹੀ ਗੱਲ ਚੇਤੇ ਨਹੀਂ ਰਹਿੰਦੀ। ਅਜਿਹੇ ਲੋਕ ਕਿਸੇ ਸਵਾਲ ਦਾ ਜਵਾਬ ਦੇਣ ਦੀ ਥਾਂ ਜਵਾਬ ਦਾ ਸਵਾਲ ਲੱਭਣ ਲੱਗਦੇ ਹਨ। ਕੁਝ ਅਜਿਹੇ ਲੋਕ ਸੋਚਣ ਜਾਂ ਕੋਈ ਕੋਸ਼ਿਸ਼ ਕੀਤੇ ਬਿਨਾਂ ਆਸਾਨੀ ਨਾਲ ਵੱਡੇ ਤੋਂ ਵੱਡਾ ਝੂਠ ਬੋਲ ਲੈਂਦੇ ਹਨ। ਅਜਿਹੇ ਝੂਠ ਦੀ ਪੜਤਾਲ ਕਰਨੀ ਮੁਸ਼ਕਿਲ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਰਾਜੀਵ ਗਾਂਧੀ ਨੇ 1985 'ਚ ਲੋੜਵੰਦਾਂ ਤੱਕ ਇਕ ਰੁਪਏ ਵਿੱਚੋਂ 15 ਪੈਸੇ ਪਹੁੰਚਣ ਦੀ ਗੱਲ ਕਹੀ ਸੀ, ਇਸ ਦੀ ਪੁਸ਼ਟੀ ਲਈ ਘਪਲਿਆਂ ਦੀ ਇਕ ਲੰਮੀ ਕੜੀ ਬਣਦੀ ਗਈ।

ਜਿਹੜੀਆਂ ਸਿਆਸੀ ਪਾਰਟੀਆਂ ਦੀ ਜੜ੍ਹ ਵਿੱਚ ਭ੍ਰਿਸ਼ਟਾਚਾਰ ਸਮਾ ਗਿਆ ਹੈ, ਉਨ੍ਹਾਂ ਦੇ ਉਮੀਦਵਾਰ ਭਾਰੀ ਵੋਟਾਂ ਨਾਲ ਜਿੱਤਦੇ ਹਨ ਤਾਂ ਕੋਈ ਹੈਰਾਨੀ ਨਹੀਂ ਹੁੰਦੀ। ਭਾਰਤੀ ਸਮਾਜ 'ਤੇ ਘਪਲਿਆਂ ਜਾਂ ਭ੍ਰਿਸ਼ਟਾਚਾਰ ਦਾ ਬਹੁਤਾ ਅਸਰ ਇਸ ਲਈ ਨਹੀਂ ਹੁੰਦਾ ਕਿ ਹਰ ਕੋਈ ਇਸ 'ਚ ਆਪਣੇ ਹੱਥ ਰੰਗਣ ਦੀ ਕੋਸ਼ਿਸ਼ 'ਚ ਲੱਗਾ ਰਹਿੰਦਾ ਅਤੇ ਇਹ ਸੋਚ ਬਣ ਜਾਂਦੀ ਹੈ ਕਿ ਜੇ ਅਸੀਂ ਕਿਸੇ ਦਾ ਸ਼ੋਸ਼ਣ ਨਹੀਂ ਕਰਾਂਗੇ ਤਾਂ ਸਾਡਾ ਸ਼ੋਸ਼ਣ ਹੋਣਾ ਤੈਅ ਹੈ। ਇਹੋ ਵਜ੍ਹਾ ਹੈ ਕਿ ਘਪਲੇਬਾਜ਼ਾਂ ਨੂੰ ਸਮਾਜ ਦੇ ਦੁਸ਼ਮਣ ਨਹੀਂ, ਸਗੋਂ ਦੋਸਤ ਸਮਝਿਆ ਜਾਂਦਾ ਹੈ।

ਜਿਸ ਵਿਅਕਤੀ ਜਾਂ ਸਮਾਜ ਦੇ ਕਿਸੇ ਤਬਕੇ ਦਾ ਸੁਭਾਅ ਹੀ ਧੋਖੇ ਤੇ ਭ੍ਰਿਸ਼ਟਾਚਾਰ ਨੂੰ ਖੁਸ਼ਹਾਲੀ ਦਾ ਰਾਹ ਸਮਝਣ ਵਾਲਾ ਹੋ ਗਿਆ ਹੋਵੇ ਤਾਂ ਇਹ ਸਮੱਸਿਆ ਨਹੀਂ, ਉਸਦਾ ਲੱਛਣ ਹੈ। ਅਸੀਂ ਸਾਰੀ ਉਮਰ ਉਨ੍ਹਾਂ ਨੂੰ ਸੁਧਾਰਨ ਲੱਗੇ ਰਹੀਏ, ਉਨ੍ਹਾਂ ਦਾ ਸੁਧਰਨਾ ਅਸੰਭਵ ਹੈ। ਇਨ੍ਹਾਂ ਲੱਛਣਾਂ ਨੂੰ ਖਤਮ ਕਰ ਦੇਣ ਨਾਲ ਇਨ੍ਹਾਂ ਤੋਂ ਪੈਦਾ ਹੁੰਦੀ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ। ਇਸ ਦਾ ਅਰਥ ਇਹ ਹੈ ਕਿ ਜਿਸ ਵਿਅਕਤੀ ਜਾਂ ਪਾਰਟੀ ਨੇ ਇਕ ਵਾਰ ਠੱਗੀ ਕੀਤੀ, ਵਾਅਦਾ ਖਿਲਾਫੀ ਕੀਤੀ, ਉਸ 'ਤੇ ਫਿਰ ਕਦੇ ਭਰੋਸਾ ਨਾ ਕਰੋ, ਚਾਹੇ ਉਹ ਖੁਦ ਨੂੰ ਕਿੰਨਾ ਵੀ ਦੁੱਧ ਦਾ ਧੋਤਾ ਸਿੱਧ ਕਰਨ ਦੀ ਕੋਸ਼ਿਸ਼ ਕਰੇ।

ਇਸ ਦੀ ਵਜ੍ਹਾ ਇਹ ਹੈ ਕਿ ਧੋਖਾ ਕਰਨ ਵਾਲਾ ਖੁਦ ਨੂੰ ਨਿਯਮ ਕਾਨੂੰਨ ਤੋਂ ਉਪਰ ਮੰਨਦਾ ਹੈ। ਲੋਕਾਂ ਨੂੰ ਬਹਿਕਾਈ ਰੱਖਣਾ ਤੇ ਧੋਖੇ ਨਾਲ ਉਨ੍ਹਾਂ ਦਾ ਭਰੋਸਾ ਜਿੱਤਣਾ ਉਸ ਦਾ ਸੁਭਾਅ ਹੋ ਜਾਂਦਾ ਹੈ। ਉਹ ਝੂਠ ਬੋਲਣ ਦਾ ਮਾਹਰ ਹੁੰਦਾ ਹੈ। ਅੱਜ ਭਾਰਤ ਜਿਸ ਚੁਣੌਤੀ ਭਰੇ ਮਾਹੌਲ 'ਚੋਂ ਲੰਘ ਰਿਹਾ ਹੈ, ਉਸ 'ਚ ਸਹੀ ਅਤੇ ਗਲਤ ਵਿਚਾਲੇ ਫੈਸਲਾ ਕਰਨਾ ਬੜਾ ਮੁਸ਼ਕਿਲ ਹੈ। ਸਮੱਸਿਆ ਇਹ ਨਹੀਂ ਕਿ ਅਸੀਂ ਇਨ੍ਹਾਂ ਨਾਲ ਕਿਵੇਂ ਨਜਿੱਠਾਂਗੇ, ਸਗੋਂ ਇਹ ਹੈ ਕਿ ਈਮਾਨਦਾਰ ਆਦਮੀ, ਜੋ ਆਪਣੀ ਮਿਹਨਤ ਅਤੇ ਪ੍ਰਤਿਭਾ ਸਦਕਾ ਅੱਗੇ ਵਧਣਾ ਚਾਹੁੰਦਾ ਹੈ, ਉਦੋਂ ਨਿਰਾਸ਼ ਹੋ ਜਾਂਦਾ ਹੈ, ਜਦੋਂ ਇਹ ਦੇਖਦਾ ਹੈ ਕਿ ਉਸ ਦੀ ਯੋਗਤਾ ਪਰਖਣ ਵਾਲੇ ਉਹ ਲੋਕ ਹੁੰਦੇ ਹਨ, ਜਿਨ੍ਹਾਂ 'ਚ ਨਾ ਕੋਈ ਯੋਗਤਾ ਹੁੰਦੀ ਹੈ ਅਤੇ ਨਾ ਉਨ੍ਹਾਂ ਕੋਲ ਕੋਈ ਨੀਤੀ। ਉਨ੍ਹਾਂ ਕੋਲ ਕੋਈ ਅਜਿਹੀ ਯੋਜਨਾ ਵੀ ਨਹੀਂ ਹੁੰਦੀ, ਜਿਸ ਨਾਲ ਆਮ ਆਦਮੀ ਚੁਣੌਤੀਆਂ ਦਾ ਮੁਕਾ-ਬਲਾ ਕਰਨ ਦੇ ਯੋਗ ਹੋ ਸਕੇ। ਇਸ ਅਵਸਥਾ 'ਚ ਉਸ ਦੇ ਲਈ ਇਹੋ ਬਦਲ ਬਚਦਾ ਹੈ ਕਿ ਉਹ ਆਪਣੇ ਰਾਹ ਖੁਦ ਬਣਾਵੇ ਅਤੇ ਆਪਣੇ ਨੁਮਾਇੰਦਿਆਂ ਦੀ ਚੋਣ ਕਰਦੇ ਸਮੇਂ ਚੌਕਸੀ ਤੋਂ ਕੰਮ ਲਵੇ। ਉਸ ਦੀ ਜ਼ਰਾ ਜਿੰਨੀ ਵੀ ਭੁੱਲ ਭਵਿੱਖ ਧੁੰਦਲਾ ਕਰ ਸਕਦੀ ਹੈ।



### ਮਾਮਲਾ ਮੰਤਰੀ ਕਾਫਲੇ ਉੱਤੇ ਹਮਲੇ ਦਾ

# ਮੈਂ ਵੋਟਾਂ ਮੰਗਣ ਨਹੀਂ, ਰਾਸ਼ਨ ਵੰਡਣ ਗਿਆ ਸੀ: ਧਰਮਸੋਤ



ਨਾਭਾ, 30 ਮਾਰਚ (ਪੋਸਟ ਬਿਊਰੋ)- ਇਸ ਰਿਆਸਤੀ ਨਗਰ ਦੇ ਅਲੌਹਰਾਂ ਗੇਟ ਵਿਖੇ ਗਰੀਬ ਪਰਵਾਰਾਂ ਨੂੰ ਰਾਸ਼ਨ ਵੰਡਣ ਗਏ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸ਼ੋਤ ਦੇ ਕਾਫਲੇ ਉੱਤੇ ਹਮਲੇ ਬਾਰੇ ਐੱਸ ਐੱਸ ਪੀ ਪਟਿਆਲਾ ਨੂੰ ਜਾਂਚ ਸੌਂਪੀ ਗਈ ਹੈ। ਇਸ ਬਾਰੇ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਵੀਡੀਓ ਵਿੱਚ ਇਹ ਨਜ਼ਰ ਆ ਰਿਹਾ ਹੈ ਕਿ ਕੁਝ ਕੁ ਲੋਕਾਂ ਨੇ ਰਾਸ਼ਨ ਵੰਡਣ ਗਏ ਕੈਬਨਿਟ ਮੰਤਰੀ ਦੇ ਕਾਫਲੇ 'ਤੇ ਪੱਥਰਬਾਜ਼ੀ ਕੀਤੀ ਹੈ।

ਵਰਨਣ ਯੋਗ ਹੈ ਕਿ ਮੰਤਰੀ ਸਾਧੂ ਸਿੰਘ ਧਰਮਸ਼ੋਤ ਕੱਲ੍ਹ ਨਾਭਾ ਦੀ ਢੇਹਾ ਬਸਤੀ ਅਤੇ ਬਾਜ਼ੀਗਰ ਬਸਤੀ ਵਿੱਚ ਗਰੀਬ ਪਰਵਾਰਾਂ ਨੂੰ ਰਾਸ਼ਨ ਵੰਡਣ ਗਏ ਸਨ। ਇਲਾਕੇ ਵਿੱਚ ਗਰੀਬ ਪਰਵਾਰਾਂ ਦੀ ਗਿਣਤੀ ਵਧਣ ਅਤੇ ਰਾਸ਼ਨ ਖਤਮ ਹੋਣ ਕਾਰਨ ਜਦੋਂ ਕੈਬਨਿਟ ਮੰਤਰੀ ਦਾ ਕਾਫਲਾ ਜਾ ਰਿਹਾ ਸੀ ਤਾਂ ਕੁਝ ਲੋਕਾਂ ਨੇ ਕਾਫਲੇ 'ਤੇ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ। ਕੱਲ੍ਹ ਦੀ ਇਸ ਘਟਨਾ ਬਾਰੇ ਕਈ ਵੀਡੀਓਜ਼ ਸੋਸ਼ਲ ਮੀਡੀਆ ਉਤੇ ਆਏ ਹਨ। ਗੱਲਬਾਤ ਦੌਰਾਨ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸ਼ੋਤ ਨੇ ਕਿਹਾ ਕਿ ਉਹ ਉਸ ਪਾਸੇ ਵੱਲ ਵੋਟਾਂ ਮੰਗਣ ਨਹੀਂ, ਰਾਸ਼ਨ ਵੰਡਣ ਗਏ ਸਨ ਅਤੇ ਜਦੋਂ ਸਮਾਜਕ ਸੰਸਥਾਵਾਂ ਦੇ ਸਹਿਯੋਗ ਨਾਲ ਹਲਕੇ ਦੇ ਗਰੀਬ ਪਰਵਾਰਾਂ ਨੂੰ ਰਾਸ਼ਨ ਵੰਡ ਰਹੇ ਸਨ ਤਾਂ ਇਸ ਮੌਕੇ ਲੋਕਾਂ ਨੇ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕਰ ਕੇ ਭੀੜ ਇਕੱਠੀ ਕਰ ਲਈ। ਇਸ ਹਾਲਤ ਵਿੱਚ ਮੈਂ ਆਪਣੇ ਵਲੰਟੀਅਰਾਂ ਨੂੰ ਰਾਸ਼ਨ ਵੰਡਣ ਦੀ ਕਾਰਵਾਈ ਰੋਕ ਕੇ ਇਕੱਲੇ-ਇਕੱਲੇ ਘਰ ਵਿੱਚ ਰਾਸ਼ਨ ਵੰਡਣ ਲਈ ਕਹਿ ਕੇ ਚਲਾ ਗਿਆ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਸ਼ਰਾਰਤ ਕੀਤੀ ਹੈ ਜੋ ਸਿਆਸੀ ਰੋਟੀਆਂ ਸੇਕ ਰਹੇ ਹਨ। ਜੇ ਕਿਸੇ ਪਰਵਾਰ ਨੂੰ ਮੁਫਤ ਰਾਸ਼ਨ ਦੇ ਦਿੱਤਾ ਤਾਂ ਕਹਿੰਦੇ ਹਨ ਕਿ ਕਿਉਂ ਦਿੱਤਾ ਤੇ ਜੇ ਨਹੀਂ ਦਿੱਤਾ ਤਾਂ ਕਹਿੰਦੇ ਹਨ ਕਿਉਂ ਨਹੀਂ ਦਿਤਾ?

ਕੈਬਨਿਟ ਮੰਤਰੀ ਧਰਮਸ਼ੋਤ ਨੇ ਕਿਹਾ ਕਿ ਉਨ੍ਹਾਂ ਪੁਲਸ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਹੈ ਕਿ ਕਰਫਿਊ ਦੌਰਾਨ ਸਰਕਾਰੀ ਪਾਬੰਦੀਆਂ ਦੀ ਉਲੰਘਣਾ ਕਰਕੇ ਹੁੱਲੜਬਾਜ਼ੀ ਕਰਨ ਵਾਲੇ ਸ਼ਰਾਰਤੀ ਅਨਸਰਾਂ ਦੀ ਪਛਾਣ ਕਰਨ ਉਪਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਕੋਰੋਨਾ ਦੇ ਡਰੇ ਹੋਏ ਮਾਪਿਆਂ ਨੇ ਪੁੱਤ ਨੂੰ ਪਿੰਡੋਂ ਬਾਹਰ ਰਹਿਣ ਨੂੰ ਕਿਹਾ



ਲੰਬੀ, 30 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਡਰ ਨੇ ਪਰਵਾਰ ਲਈ ਘਰ ਦੇ ਜੰਮੇ-ਜਾਏ ਵੀ ਬਿਗ਼ਾਨੇ ਬਣਾ ਦਿੱਤੇ ਹਨ। ਆਨੰਦਪੁਰ ਸਾਹਿਬ ਤੋਂ ਪਰਤੇ ਨਿਹੰਗ ਨੌਜਵਾਨ ਨੂੰ ਉਸ ਦੇ ਪਿੰਡ ਫਤੂਹੀਵਾਲਾ ਦੀ ਜੂਹ 'ਤੇ ਰੋਕ ਕੇ ਅੰਦਰ ਵੜਨ ਤੋਂ ਮਨ੍ਹਾ ਕਰ ਦਿੱਤਾ ਗਿਆ ਅਤੇ ਕੱਲ੍ਹ ਬਾਹਰ ਬੈਠਾ ਰਿਹਾ।

ਪਿੰਡ ਫਤੂਹੀਵਾਲਾ ਦਾ 16 ਸਾਲਾ ਨਿਹੰਗ ਨੌਜਵਾਨ ਜਸ਼ਨਦੀਪ ਸਿੰਘ ਨੌਂ ਮਾਰਚ ਨੂੰ ਆਨੰਦਪੁਰ ਗਿਆ ਸੀ ਅਤੇ ਉਥੋਂ 19 ਮਾਰਚ ਨੂੰ ਤਲਵੰਡੀ ਸਾਬੋ ਗਿਆ ਸੀ। ਕੱਲ੍ਹ ਉਹ ਪਿੰਡ ਪੁੱਜਾ। ਉਸ ਨੂੰ ਹਲਕਾ ਜ਼ੁਕਾਮ ਤੇ ਖਾਂਸੀ ਦੀ ਸ਼ਿਕਾਇਤ ਸੀ। ਪਿੰਡ ਨੂੰ ਕੋਰੋਨਾ ਦੀ ਸ਼ੱਕੀ ਮਾਰ ਤੋਂ ਬਚਾਉਣ ਲਈ ਪੰਚ-ਾਇਤ ਅਤੇ ਪਰਵਾਰਕ ਮੈਂਬਰ ਪਿੰਡ ਵਿੱਚ ਦਾਖ਼ਲ ਹੋਣ ਦੇਣ ਤੋਂ ਪਹਿਲਾਂ ਉਸ ਦੀ ਮੈਡੀਕਲ ਜਾਂਚ ਲਈ ਅੜ ਗਏ। ਸਰਪੰਚ ਮਨਦੀਪ ਸਿੰਘ ਢਿੱਲੋਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਲੈ ਕੇ ਪ੍ਰਸ਼ਾਸਨ ਦੇ ਹਰ ਪੱਧਰ ਤੱਕ ਨੌਜਵਾਨ ਬਾਰੇ ਸੰਪਰਕ ਕੀਤਾ। ਕਿਸੇ ਨੇ ਗੱਲ ਨਹੀਂ ਸੁਣੀ। ਸਿਹਤ ਵਿਭਾਗ ਲੰਬੀ ਨੇ ਇੱਕ ਏ ਐਨ ਐਮ (ਆਗਜ਼ਿਲਵਰੀ ਨਰਸ ਮਿੱਡਵਾਈਫ) ਭੇਜ ਕੇ ਜਾਂਚ ਦਾ ਕੰਮ ਟਾਲ ਦਿੱਤਾ।

ਜਸ਼ਨਦੀਪ ਸਿੰਘ ਦੁਪਹਿਰ ਤਿੰਨ ਵਜੇ ਤੋਂ ਸ਼ਾਮ ਕਰੀਬ ਸੱਤ ਵਜੇ ਤੱਕ ਪਿੰਡ ਦੀ ਜੂਹ ਅੱਗੇ ਬੈਠਾ ਰਿਹਾ। ਉਸ ਨੇ ਕਿਹਾ ਕਿ ਉਹ ਬਾਬਾ ਦਲ ਸਿੰਘ ਗਤਕਾ ਅਕੈਡਮੀ ਤਲਵੰਡੀ ਸਾਬੋ ਦਾ ਸ਼ਾਗਿਰਦ ਹੈ। ਉਸ ਦੀ ਜਾਂਚ ਕਰਵਾਈ ਜਾਵੇ ਪਰ ਦੁਪਹਿਰ ਤੋਂ ਅਜੇ ਕੋਈ ਡਾਕਟਰ ਨਹੀਂ ਆਇਆ। ਉਸ ਦੇ ਤਾਇਆ ਰੂਪ ਸਿੰਘ ਅਤੇ ਸਕੇ ਭਰਾ ਨੇ ਕਿਹਾ ਕਿ ਜਸ਼ਨਦੀਪ ਸਿੰਘ ਦੀ ਮੈਡੀਕਲ ਜਾਂਚ ਹੋਣੀ ਚਾਹੀਦੀ ਹੈ। ਸਿਹਤ ਵਿਭਾਗ ਦੀ ਏ ਐਨ ਐਮ ਵੀਰਪਾਲ ਕੌਰ ਨੇ ਕਿਹਾ ਕਿ ਜਸ਼ਨਦੀਪ ਸਿੰਘ ਦੀ ਮੁੱਢਲੀ ਜਾਂਚ ਨਾਰਮਲ ਹੈ। ਉਸ ਨੂੰ ਇਕਾਂਤਵਾਸ 'ਚ ਰੱਖਣ ਲਈ ਕਿਹਾ ਗਿਆ ਹੈ।

## ਸਿਰ ਉੱਤੇ ਪਾਵਾ ਮਾਰ ਕੇ ਪਤਨੀ ਦਾ ਕਤਲ

ਮਾਛੀਵਾੜਾ, 30 ਮਾਰਚ (ਪੋਸਟ ਬਿਊਰੋ)- ਥਾਣਾ ਕੂੰਮਕਲਾਂ ਦੇ ਪਿੰਡ ਗਾਹੀਂ ਭੈਣੀ ਵਿੱਚ ਕੱਲ੍ਹ ਸੁਖਵੀਰ ਸਿੰਘ ਨੇ ਆਪਣੀ ਪਤਨੀ ਕਮਲਜੀਤ ਕੌਰ ਦਾ ਸਿਰ ਵਿੱਚ ਮੰਜੇ ਦਾ ਪਾਵਾ ਮਾਰ ਕੇ ਕਤਲ ਕਰ ਦਿੱਤਾ ਤੇ ਫ਼ਰਾਰ ਹੋ ਗਿਆ। ਪੁਲਸ ਅਨੁਸਾਰ ਕਤਲ ਦਾ ਕਾਰਨ ਪਤੀ ਦਾ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਕਰਨਾ ਸੀ। ਮ੍ਰਿਤਕਾ ਦੇ ਭਰਾ ਬੇਅੰਤ ਸਿੰਘ ਨੇ ਥਾਣਾ ਕੂੰਮਕਲਾਂ ਪੁਲਸ ਨੂੰ ਦੱਸਿਆ ਕਿ ਉਸ ਦਾ ਜੀਜਾ ਸੁਖਵੀਰ ਸਿੰਘ ਸ਼ਰਾਬ ਪੀਣ ਮਗਰੋਂ ਆਪਣੀ ਪਤਨੀ ਕਮਲਜੀਤ ਕੌਰ ਦੀ ਕੁੱਟਮਾਰ ਕਰਦਾ ਸੀ। ਭੈਣ ਦਾ ਫੋਨ ਆਉਣ ਮਗਰੋਂ ਉਥੇ ਜਾ ਕੇ ਦੇਖਿਆ ਤਾਂ ਉਥੇ ਉਸਦੀ ਭੈਣ ਦੀ ਲਾਸ਼ ਪਈ ਸੀ। ਬੇਅੰਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਜੀਜੇ ਦੇ ਛੋਟੇ ਭਰਾ ਜਗਤਾਰ ਸਿੰਘ ਦੇ ਅਨੁਸਾਰ ਸੁਖਵੀਰ ਸਿੰਘ ਨੇ ਨਸ਼ੇ ਦੀ ਹਾਲਤ 'ਚ ਕਮਲਜੀਤ ਕੌਰ ਦੇ ਸਿਰ 'ਤੇ ਪਾਵੇ ਮਾਰੇ, ਜਿਸ ਕਾਰਨ ਉਸਦੀ ਮੌਕੇ 'ਤੇ ਮੌਤ ਹੋ ਗਈ।

# ਕੋਰੋਨਾ ਵਾਇਰਸ ਦੇ ਡਰ ਨੇ ਖ਼ੂਨ ਦੇ ਰਿਸ਼ਤੇ ਵੀ ਤੋੜ ਦਿੱਤੇ

ਮਾਛੀਵਾੜਾ, 30 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਡਰ ਕਾਰਨ ਖ਼ੂਨ ਦੇ ਰਿਸ਼ਤੇ ਵੀ ਮਿਟ ਰਹੇ ਹਨ, ਜਿਸ ਦੀ ਮਿਸਾਲ ਮਾਛੀਵਾੜਾ ਨੇੜਲੇ ਪਿੰਡ ਚੱਕੀ ਵਿੱਚ ਦੇਖੀ ਗਈ ਹੈ।

*** ਹੋਲੇ ਤੋਂ ਪਰਤੇ ਵਿਅਕਤੀ ਲਾਸ਼ ਨੂੰ ਹੱਥ ਲਾਉਣੋਂ ਨਾਂਹ ਕਰ ਗਏ**

ਹੋਲੇ ਮਹੱਲੇ ਤੋਂ ਮੁੜੇ ਇਸ ਪਿੰਡ ਦੇ ਜਗਦੀਸ਼ ਕੁਮਾਰ (45) ਦੀ ਮੌਤ ਹੋ ਗਈ ਤਾਂ ਉਸ ਦਾ ਸਸਕਾਰ ਕਰਨ ਲਈ ਪਿੰਡ ਦੇ ਲੋਕ ਤਾਂ ਦੂਰ, ਪਰਵਾਰਕ ਮੈਂਬਰ ਵੀ ਨੇੜੇ ਨਾ ਆਏ। ਜਗਦੀਸ਼ ਕੁਮਾਰ ਕੁਝ ਦਿਨ ਪਹਿਲਾਂ ਹੋਲੇ ਮਹੱਲੇ ਉਤੇ ਆਨੰਦਪੁਰ ਸਾਹਿਬ ਗਿਆ ਸੀ ਅਤੇ ਉਥੋਂ ਵਾਪਸ ਆਉਣ ਪਿੱਛੋਂ ਬਿਮਾਰ ਸੀ। ਪਰਵਾਰਕ ਮੈਂਬਰਾਂ ਅਨੁਸਾਰ ਪਿਛਲੇ ਕੁਝ ਦਿਨਾਂ ਤੋਂ ਉਸ ਨੂੰ ਖਾਂਸੀ, ਜ਼ੁਕਾਮ ਤੇ ਸਾਹ ਲੈਣ ਦੀ ਸਮੱਸਿਆ ਸੀ ਜਿਸ ਸਬੰਧੀ ਉਹ ਨੇੜਲੇ ਡਾਕਟਰ ਤੋਂ ਦਵਾਈ ਲੈਂਦਾ ਰਿਹਾ। ਜਗਦੀਸ਼ ਕੁਮਾਰ ਆਪਣੇ ਪਰਵਾਰਕ ਮੈਂਬਰ ਤੋਂ ਵੱਖ ਨੇੜੇ ਵੱਖਰੇ ਘਰ 'ਚ ਰਹਿੰਦਾ ਸੀ ਤੇ ਕੱਲ੍ਹ ਸੁੱਤੇ ਪਏ ਦੀ ਮੌਤ ਹੋ ਗਈ। ਉਸ ਦੀ ਮੌਤ ਦੀ ਸੂਚਨਾ ਪੰਚਾਇਤ ਨੇ ਸਿਹਤ ਵਿਭਾਗ ਤੇ ਪ੍ਰਸ਼ਾਸਨ ਨੂੰ ਦਿੱਤੀ ਤਾਂ ਜਾਂਚ ਟੀਮ ਨੇ ਦੂਰ ਤੋਂ ਲਾਸ਼ ਦਾ ਮੁਆਇਨਾ ਕਰਕੇ ਲੋਕਾਂ ਨੂੰ ਕਹਿ ਦਿੱਤਾ ਕਿ ਉਸ ਦੀ ਮੌਤ ਦਾ ਕਾਰਨ ਕੋਰੋਨਾਵਾਇਰਸ ਨਹੀਂ, ਇਸ ਕਰ ਕੇ ਉਸ ਦਾ ਸਸਕਾਰ ਕਰ ਦਿੱਤਾ ਜਾਵੇ। ਕੁਝ ਸਮੇਂ ਬਾਅਦ ਪੰਚਾਇਤ ਨੇ ਫੈਸਲਾ ਕੀਤਾ ਕਿ ਜਦੋਂ ਤੱਕ ਜਗਦੀਸ਼ ਕੁਮਾਰ ਦਾ ਕੋਰੋਨਾ ਵਾਇਰਸ ਦਾ ਟੈਸਟ ਨਹੀਂ ਹੋ ਜਾਂਦਾ, ਉਹ ਲਾਸ਼ ਨੂੰ ਹੱਥ ਨਹੀਂ ਲਾਉਣਗੇ। ਉਨ੍ਹਾਂ ਨੇ ਫਿਰ ਪੁਲਸ ਅਤੇ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਕਿ ਜਦੋਂ ਤੱਕ ਮ੍ਰਿਤਕ ਤੇ ਉਸ ਦੇ ਪਰਵਾਰਕ ਮੈਂਬਰਾਂ ਦਾ ਟੈਸਟ ਨਹੀਂ ਲਿਆ ਜਾਂਦਾ ਉਹ ਸਸਕਾਰ ਨਹੀਂ ਕਰਨਗੇ। ਇਸ ਤੋਂ ਬਾਅਦ ਟੀਮ ਦੁਬਾਰਾ ਆਈ ਤੇ ਫਿਰ ਅੰਤਮ ਸਸਕਾਰ ਕੀਤਾ ਗਿਆ।

# ਪੰਜਾਬ ਵਿੱਚ ਸਵਾ ਲੱਖ ਵਿਆਹਾਂ ਉੱਤੇ ਕੋਰੋਨਾ ਦਾ ਪ੍ਰਛਾਵਾਂ



ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਵਧਦੇ ਖਤਰੇ ਕਾਰਨ ਪੰਜਾਬ ਦੇ ਐਕਸਾਈਜ਼ ਤੇ ਟੈਕਸੇਸ਼ਨ ਵਿਭਾਗ ਨੇ 15 ਮਾਰਚ ਤੋਂ ਵਿਆਹਾਂ ਲਈ ਸ਼ਰਾਬ ਦੇ ਪਰਮਿਟ ਦੇਣੇ ਬੰਦ ਕਰ ਦਿੱਤੇ ਸਨ ਤੇ ਵਿਆਹ ਸਮਾਗਮ ਅੱਧ ਮਾਰਚ ਤੋਂ ਬੰਦ ਹੋ ਗਏ ਸਨ। ਪੰਜਾਬ ਵਿੱਚ ਗਿਆਰਾਂ ਸੌ ਰਜਿਸਟਰ ਮੈਰਿਜ ਪੈਲੇਸ ਤੇ ਚਾਰ ਸੌ ਦੇ ਕਰੀਬ ਛੋਟੇ ਅਨਰਜਿਸਟਰਡ ਮੈਰਿਜ ਪੈਲੇਸ ਹਨ। ਇੱਕ ਅੰਦਾਜ਼ੇ ਮੁਤਾਬਕ ਵਿਆਹ ਬੰਦ ਹੋਣ ਕਰਕੇ 31 ਮਾਰਚ ਤੱਕ ਮੈਰਿਜ ਪੈਲੇਸ ਮਾਲਕਾਂ ਨੂੰ ਪੰਜਾਹ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ। ਰਾਜ ਦੇ ਸ਼ਰਾਬ ਠੇਕੇਦਾਰਾਂ ਨੂੰ ਵਿਆਹ ਮੌਕੇ ਰੋਜ਼ਾਨਾ ਵਿਕਰੀ ਬੰਦ ਹੋਣ ਦਾ ਭਾਰੀ ਨੁਕਸਾਨ ਉਠਾਉਣਾ ਪਿਆ ਹੈ। ਏਥੇ ਰੋਜ਼ 15 ਕਰੋੜ ਰੁਪਏ ਦੀ ਸ਼ਰਾਬ ਵਿਕਦੀ ਸੀ ਅਤੇ ਪਿਛਲੇ ਦਸ ਦਿਨਾਂ ਤੋਂ ਠੇਕੇ ਬੰਦ ਹੋਣ ਕਾਰਨ 150 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਤੇ ਵਿਆਹਾਂ ਲਈ ਪੰਦਰਾਂ ਦਿਨਾਂ ਤੋਂ ਸ਼ਰਾਬ ਨਹੀਂ ਵਿਕਣ ਕਾਰਨ ਅਗਲੇ ਮਹੀਨੇ ਵਿਕਣ ਦੀ ਆਸ ਘੱਟ ਹੈ। ਇਸ ਲਈ ਸ਼ਰਾਬ ਤੋਂ ਵੱਡਾ ਨੁਕਸਾਨ ਝੱਲਣਾ ਪਵੇਗਾ। ਠੇਕੇਦਾਰ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਕਰਫਿਊ ਦੀ ਢਿੱਲ ਸਮੇਂ ਦੋ ਘੰਟੇ ਠੇਕੇ ਖੋਲ੍ਹਣ ਦੀ ਆਗਿਆ ਦਿੱਤੀ ਜਾਵੇ।

ਦੂਸਰੇ ਪਾਸੇ ਪਾਮਜ਼ ਜ਼ੀਰਕਪੁਰ ਮੈਰਿਜ ਪੈਲੇਸ ਦੇ ਮਾਲਕ ਸੰਦੀਪ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਕੋਲ ਮਾਰਚ ਵਿੱਚ ਦਸ ਦੇ ਕਰੀਬ ਵਿਆਹਾਂ ਦੇ ਸਮਾਗਮ ਬੁੱਕ ਸਨ, ਪਰ 14 ਮਾਰਚ ਤੋਂ ਬਾਅਦ ਕੋਈ ਵਿਆਹ ਨਹੀਂ ਹੋ ਸਕਿਆ ਅਤੇ ਅਪ੍ਰੈਲ ਦੀ ਬੁਕਿੰਗ ਵੀ ਰੱਦ ਕਰਨੀ ਪੈ ਰਹੀ ਹੈ। ਹਰ ਮੈਰਿਜ ਪੈਲੇਸ ਦੀ ਮਾਰਚ ਵਿੱਚ ਹੀ ਅੱਠ ਤੋਂ ਲੈ ਕੇ ਦਸ ਵਿਆਹਾਂ ਦੇ ਸਮਾਗਮਾਂ ਦੀ ਬੁਕਿੰਗ ਸੀ, ਜਿਹੜੀ ਰੱਦ ਕਰਨੀ ਪਈ ਹੈ। ਇਸ ਨਾਲ ਕੇਵਲ ਮੈਰਿਜ ਪੈਲੇਸ ਨੂੰ ਨਹੀਂ, ਕੇਟਰਿੰਗ ਸਰਵਿਸ, ਸਜਾਵਟ, ਗੀਤ ਸੰਗੀਤ ਡੀ ਜੇ ਵਾਲਿਆਂ, ਫੋਟੋਗ੍ਰਾਫਰਾਂ, ਢੋਲੀਆਂ ਆਦਿ ਨੂੰ ਵੀ ਭਾਰੀ ਨੁਕਸਾਨ ਹੋਇਆ ਹੈ। ਦਿਹਾੜੀ 'ਤੇ ਕਾਫੀ ਸਟਾਫ ਆਉਂਦਾ ਸੀ, ਉਸ ਦਾ ਕੰਮ ਵੀ ਬੰਦ ਹੋ ਗਿਆ ਹੈ। ਇਸ ਕਰਕੇ ਵਿਆਹਾਂ ਨਾਲ ਸਬੰਧਤ ਕਾਰੋਬਾਰ ਦਾ ਨੁਕਸਾਨ ਕਾਫੀ ਵੱਡਾ ਹੈ। ਕੋਰੋਨਾ ਵਾਇਰਸ ਕਾਰਨ ਤਕਰਬੀਨ ਸਵਾ ਲੱਖ ਵਿਆਹ ਨਹੀਂ ਹੋਏ। ਫਿਰ ਕਦੋਂ ਹੋਣਗੇ, ਕਹਿਣਾ ਮੁਸ਼ਕਲ ਹੈ। ਅਪ੍ਰੈਲ ਵਿੱਚ ਹੋਣ ਵਾਲੇ ਵਿਆਹਾਂ ਦੀ ਬੁਕਿੰਗ ਰੱਦ ਹੋਣ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਗਰਮੀਆਂ ਤੋਂ ਬਾਅਦ ਹੀ ਵਿਆਹ ਹੋਣਗੇ।

ਇੱਕ ਹੋਰ ਮੈਰਿਜ ਪੈਲੇਸ ਦੇ ਮਾਲਕ ਨੇ ਕਿਹਾ ਕਿ ਸਾਰਾ ਕਾਰੋਬਾਰ ਬੰਦ ਹੋ ਗਿਆ ਤੇ ਮੰਦੀ ਦਾ ਦੌਰ ਆ ਗਿਆ ਹੈ ਤੇ ਇਸ ਕਰਕੇ ਅਗਲੇ ਸਮੇਂ ਵਿੱਚ ਹੋਣ ਵਾਲੇ ਵਿਆਹਾਂ 'ਤੇ ਲੋਕ ਖਰਚੇ ਘੱਟ ਕਰਨਗੇ। ਖਰੜ ਦੇ ਇੱਕ ਪਰਵਾਰ ਨੇ ਆਪਣੇ ਲੜਕੇ ਦੇ ਵਿਆਹ ਲਈ ਕਾਰਡ ਵੰਡਣੇ ਸ਼ੁਰੂ ਕੀਤੇ ਸਨ ਤਾਂ ਹਾਲਾਤ ਖਰਾਬ ਹੋਣ ਕਰਕੇ ਵਿਆਹ ਰੱਦ ਕਰਨਾ ਪਿਆ। ਉਨ੍ਹਾਂ ਨੂੰ ਰਿਸ਼ਤੇਦਾਰਾਂ ਨੇ ਸਲਾਹ ਦਿੱਤੀ ਕਿ ਵਿਆਹ ਗੁਰਦੁਆਰਾ ਸਾਹਿਬ ਵਿੱਚ ਕਰ ਲਿਆ ਜਾਵੇ ਪਰ ਲਾੜੀ ਤੇ ਲਾੜਾ ਨਹੀਂ ਮੰਨੇ ਕਿਉਂਕਿ ਉਹ ਧੂਮਧਾਮ ਨਾਲ ਵਿਆਹ ਕਰਾਉਣਾ ਚਾਹੁੰਦੇ ਸਨ। ਦੋਵਾਂ ਦੇ ਮਾਪਿਆਂ ਨੇ ਸ਼ਗਨਾਂ ਦੀ ਮਠਿਆਈ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਨੂੰ ਵੰਡ ਦਿੱਤੀ ਤੇ ਕਿ ਵਿਆਹ ਦੀ ਤਾਰੀਕ ਬਾਅਦ ਵਿੱਚ ਦੱਸਾਂਗੇ। ਵਿਦੇਸ਼ ਤੋਂ ਆਏ ਲਾੜੇ ਨੇ ਵਿਆਹ ਲਈ ਕਾਫੀ ਦੂਰ ਤੋਂ ਰਿਸ਼ਤੇਦਾਰ ਸੱਦੇ ਸਨ ਪਰ ਉਹ ਨਵਾਂਸ਼ਹਿਰ ਦੇ ਨੇੜਲੇ ਪਿੰਡ ਦਾ ਵਾਸੀ ਸੀ ਤੇ ਨਵਾਂਸ਼ਹਿਰ ਪਹਿਲਾਂ ਹੀ ਸੂਬੇ ਵਿੱਚ ਕੋਰੋਨਾ ਵਾਇਰਸ ਫੈਲਾਉਣ ਦਾ ਕੇਂਦਰ ਬਣ ਗਿਆ ਹੋਣ ਕਾਰਨ ਡਰਦੇ ਹੋਏ ਉਸ ਦੇ ਕਰੀਬੀ ਰਿਸ਼ਤੇਦਾਰ ਵੀ ਵਿਆਹ ਨਹੀਂ ਗਏ ਤੇ ਕੁਝ ਕੁ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਵਿਆਹ ਕਰਨਾ ਪਿਆ।


ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ



Construction Company
FULL TIME WORK
416-618-3358 | 905-789-7783

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8




2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

# ਭਾਰਤ ਵਲੋਂ ਦੂਤਘਰ ਦਾ ਸਾਰਾ ਸਟਾਫ਼ ਕਾਬੁਲ ਤਬਦੀਲ




ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਕੋਰੋਨਾ ਵਾਇਰਸ ਦੇ ਵੱਧਦੇ ਕੇਸਾਂ ਕਾਰਨ ਭਾਰਤ ਨੇ ਆਪਣੇ ਹੇਰਾਤ ਤੇ ਜਲਾਲਾਬਾਦ ਦੇ ਕੌਂਸਲੇਟਾਂ ਤੋਂ ਸਟਾਫ਼ ਨੂੰ ਕਾਬੁਲ ਤਬਦੀਲ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਅਫ਼ਗਾਨਿਸਤਾਨ ਦੀ ਸਰਹੱਦ ਇਰਾਨ ਨਾਲ ਲੱਗਦੀ ਹੈ, ਜਿਹੜਾ ਮਹਾਮਾਰੀ ਨਾਲ ਬਹੁਤ ਜ਼ਿਆਦਾ ਪ੍ਰਭਾਵਿਤ ਦੇਸ਼ਾਂ ਵਿੱਚੋਂ ਇੱਕ ਹੈ। ਸਰਕਾਰੀ ਸੂਤਰਾਂ ਮੁਤਬਾਕ ਸਾਵਧਾਨੀ ਵਜੋਂ ਕੂਟਨੀਤਕਾਂ ਤੇ ਹੋਰ ਸਟਾਫ਼ ਨੂੰ ਕਾਬੁਲ ਲਿਆਂਦਾ ਗਿਆ ਹੈ। ਅਫ਼ਗਾਨਿਸਤਾਨ ਵਿੱਚ ਕੋਰੋਨਾ ਵਾਇਰਸ ਦੇ 110 ਕੇਸ ਸਾਹਮਣੇ ਆ ਚੁੱਕੇ ਹਨ, ਪਰ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੋਣ ਦੀ ਸੰਭਾਵਨਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਸੂਬਿਆਂ ਵਿੱਚ ਗਿਣਤੀ ਕਾਫ਼ੀ ਵੱਧ ਹੋ ਸਕਦੀ ਹੈ, ਕਿਉਂਕਿ ਲੈਬ ਟੈਸਟ ਦੀ ਸਹੂਲਤ ਨਹੀਂ ਹੈ। ਅਫ਼ਗਾਨ ਮੀਡੀਆ ਮੁਤਾਬਕ ਦੋ ਵਿਦੇਸ਼ੀ ਦੂਤ ਤੇ ਨਾਟੋ ਸਹਿਯੋਗ ਮਿਸ਼ਨ ਦੇ ਚਾਰ ਅਧਿਕਾਰੀ ਵੀ ਪਾਜ਼ੇਟਿਵ ਹਨ। ਸੂਤਰਾਂ ਮੁਤਾਬਕ ਭਾਰਤੀ ਸਟਾਫ਼ ਨੂੰ ਇਸ ਕਰ ਕੇ ਵੀ ਏਥੋਂ ਤਬਦੀਲ ਕੀਤਾ ਗਿਆ ਹੈ ਕਿ ਇਥੇ ਲੋੜੀਂਦੀ ਮੈਡੀਕਲ ਸਹੂਲਤ ਵੀ ਨਹੀਂ ਹੈ। ਅਫ਼ਗਾਨਿਸਤਾਨ ਦੀ ਇਰਾਨ ਨਾਲ ਕਾਫ਼ੀ ਲੰਮੀ ਸਰਹੱਦ ਲੱਗਦੀ ਹੈ। ਇਰਾਨ ਨੂੰ ਇਸ ਬਿਮਾਰੀ ਨਾਲ ਨਜਿੱਠਣ 'ਚ ਬੇਹੱਦ ਔਖ ਆ ਰਹੀ ਹੈ। ਕੁਝ ਰਿਪੋਰਟਾਂ ਮੁਤਾਬਕ ਵੱਡੀ ਗਿਣਤੀ ਅਫ਼ਗਾਨ ਸ਼ਰਨਾਰਥੀ ਮੁਲਕ ਪਰਤ ਰਹੇ ਹਨ ਕਿਉਂਕਿ ਇਰਾਨ ਵਿੱਚ ਸਥਿਤੀ ਕਾਫ਼ੀ ਨਾਜ਼ੁਕ ਹੈ।

# ਐਕਸਪ੍ਰੈਸ ਵੇਅ ਉਤੇ ਜਾਂਦੇ ਅੱਠ ਲੋਕਾਂ ਨੂੰ ਵਾਹਨ ਨੇ ਦਰੜਿਆ, ਚਾਰ ਦੀ ਮੌਤ



ਪਲਵਲ, 30 ਮਾਰਚ (ਪੋਸਟ ਬਿਊਰੋ)- ਕੱਲ੍ਹ ਸਵੇਰੇ ਨੂਹ, ਹਰਿਆਣਾ ਵਿੱਚ ਇੱਕ ਅਣਪਛਾਤੇ ਵਾਹਨ ਨੇ ਅੱਠ ਲੋਕਾਂ ਨੂੰ ਦਰੜ ਦਿੱਤਾ। ਇਸ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਚਾਰ ਗੰਭੀਰ ਜ਼ਖਮੀ ਹੋ ਗਏ। ਦੱਸਿਆ ਗਿਆ ਹੈ ਕਿ ਇਹ ਸਾਰੇ ਲੋਕ ਨੂਹ ਦੇ ਕੁੰਡਲੀ ਮਨੇਸਰ-ਪਲਵਲ ਐਕਸਪ੍ਰੈਸ ਵੇਅ 'ਤੇ ਚੱਲ ਰਹੇ ਸਨ ਤਾਂ ਇੱਕ ਅਣਪਛਾਤਾ ਵਾਹਨ ਆਇਆ ਅਤੇ ਸਾਰਿਆਂ ਨੂੰ ਦਰੜ ਦਿੱਤਾ। ਇਹ ਸਾਰੇ ਮਜ਼ਦੂਰ ਦਿੱਲੀ ਤੋਂ ਆਪਣੇ ਪਿੰਡ ਲਈ ਰਵਾਨਾ ਹੋਏ ਸਨ। ਇਸੇ ਦੌਰਾਨ ਹਰਿਆਣਾ ਸਰਕਾਰ ਨੇ ਕਿਹਾ ਹੈ ਕਿ ਰੋਡਵੇਜ਼ ਨੇ ਪਰਵਾਸੀਆਂ ਨੂੰ ਲਿਜਾਣ ਲਈ 825 ਬਸਾਂ ਰਵਾਨਾ ਕੀਤੀਆਂ ਹਨ। ਇਹ ਬਸਾਂ ਸੋਨੀਪਤ, ਰੇਵਾੜੀ, ਜੀਂਦ ਅਤੇ 34 ਜ਼ਿਲਿਆਂ ਤੋਂ ਭੇਜੀਆਂ ਗਈਆਂ ਸਨ ਜਿੱਥੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਜ਼ਿਆਦਾ ਹੈ। ਹਰਿਆਣਾ ਦੇ ਟਰਾਂਸਪੋਰਟ ਕਮਿਸ਼ਨਰ ਵਰਿੰ-ਦਰ ਦਹੀਆ ਨੇ ਦੱਸਿਆ ਕਿ ਹਰਿਆਣਾ ਦੇ 12 ਜ਼ਿਲਿਆਂ ਤੋਂ 1009 ਬਸਾਂ ਦੀ ਚੋਣ ਕੀਤੀ ਹੈ। ਇਨ੍ਹਾਂ ਵਿੱਚੋਂ 825 ਬਸਾਂ ਰਵਾਨਾ ਕੀਤੀਆਂ ਹਨ। ਇਹ ਬਸਾਂ ਯੂ ਪੀ ਤੱਕ ਗਈਆਂ। ਇਹ ਬਸਾਂ ਯੂ ਪੀ ਦੇ ਲਖਨਊ, ਕਾਨਪੁਰ ਆਦਿ ਜ਼ਿਲਿਆਂ ਵਿੱਚ ਪਹੁੰਚ ਚੁੱਕੀਆਂ ਹਨ।

# ਮਜ਼ਦੂਰਾਂ ਨੂੰ ਸ਼ਹੀਦ ਭਗਤ ਸਿੰਘ ਸਟੇਡੀਅਮ ਦੇ ਯੂਥ ਹੋਸਟਲ ਵਿੱਚ ਰੱਖਿਆ ਗਿਆ



ਸਿਰਸਾ, 30 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਵੱਖ-ਵੱਖ ਥਾਵਾਂ ’ਤੇ ਕੰਮ ਕਰਦੇ ਮਜ਼ਦੂਰ ਲੌਕਡਾਊਨ ਮਗਰੋਂ ਆਪਣੇ ਘਰ ਜਾਣ ਲਈ ਪੈਦਲ ਚਲੇ ਮਜ਼ਦੂਰਾਂ ਨੂੰ ਸਿਰਸਾ ਪਹੁੰਚਣ ’ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਰੋਕ ਲਿਆ ਹੈ। ਤਿੰਨ ਦਰਜਨ ਤੋਂ ਵੱਧ ਆਏ ਮਜ਼ਦੂਰਾਂ ਦਾ ਮੈਡੀਕਲ ਕਰਵਾਉਣ ਮਗਰੋਂ ਉਨ੍ਹਾਂ ਨੂੰ ਸਿਰਸਾ ਦੇ ਯੂਥ ਹੋਸਟਲ ਵਿੱਚ ਰੁਕਵਾਇਆ ਗਿਆ ਹੈ। ਇਹ ਮਜ਼ਦੂਰ ਹਰਿਆਣਾ ਤੋਂ ਇਨਾਵਾ, ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ।

ਜਾਣਕਾਰੀ ਅਨੁਸਾਰ ਅੱਜ ਸਵੇਰੇ ਸਿਰਸਾ ਦੇ ਬੱਸ ਅੱਡੇ ’ਤੇ ਖੜ੍ਹੇ ਕਰੀਬ ਤਿੰਨ ਦਰਜਨ ਤੋਂ ਵੱਧ ਲੋਕਾਂ ’ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਨਜ਼ਰ ਪਈ ਤਾਂ ਪੁਲੀਸ ਨੇ ਉਨ੍ਹਾਂ ਤੋਂ ਪੁੱਛਗਿਛ ਕੀਤੀ। ਪੁਲੀਸ ਵੱਲੋਂ ਕੀਤੀ ਗਈ ਪੁੱਛਗਿਛ ਵਿੱਚ ਪਤਾ ਲੱਗਿਆ ਕਿ ਇਹ ਸਭ ਮਜ਼ਦੂਰ ਹਨ, ਜੋ ਪੰਜਾਬ ਦੇ ਬਠਿੰਡਾ ਤੋਂ ਇਲਾਵਾ ਹੋਰ ਕਈ ਥਾਵਾਂ ’ਤੇ ਕੰਮ ਕਰਦੇ ਸਨ। ਪੰਜਾਬ ਵਿੱਚ ਕਰਫਿਊ ਲੱਗਣ ਮਗਰੋਂ ਇਹ ਲੋਕ ਕਿਸੇ ਤਰ੍ਹਾਂ ਪਿੰਡਾਂ ਦੇ ਰਾਹਾਂ ਤੋਂ ਹੁੰਦੇ ਹੋਏ ਆਪਣੇ ਘਰ ਬਿਹਾਰ, ਉੱਤਰ ਪ੍ਰਦੇਸ਼ ਤੇ ਹਰਿਆਣਾ ਤੇ ਹੋਰਨਾ ਜ਼ਿਲ੍ਹਿਆਂ ਲਈ ਨਿਕਲੇ ਸਨ ਪਰ ਸਿਰਸਾ ਪਹੁੰਚੇ ਤਾਂ ਇਨ੍ਹਾਂ ’ਤੇ ਜਿਥੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਨਜ਼ਰ ਪੈ ਗਈ। ਇਨ੍ਹਾਂ ਮਜ਼ਦੂਰਾਂ ਕੋਲ ਨਾ ਤਾਂ ਕੋਈ ਪੈਸਾ-ਟਕਾ ਹੈ ਤੇ ਨਾ ਹੀ ਖਾਣ ਲਈ ਕੋਈ ਚੀਜ਼। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਤੁਰੰਤ ਸਭ ਮਜ਼ਦੂਰਾਂ ਦਾ ਮੈਡੀਕਲ ਕਰਵਾਇਆ ਅਤੇ ਮੈਡੀਕਲ ਕਰਵਾਉਣ ਉਪਰੰਤ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਸਟੈਡੀਅਮ ’ਚ ਬਣੇ ਯੂਥ ਹੋਸਟਲ ਵਿੱਚ ਵੱਖ-ਵੱਖ ਕਮਰਿਆਂ ਵਿੱਚ ਰੁਕਾਇਆ ਹੈ। ਇਨ੍ਹਾਂ ਮਜ਼ਦੂਰਾਂ ਨੂੰ ਰੁਕਵਾਉਣ ਤੋਂ ਪਹਿਲਾਂ ਪੂਰੇ ਹੋਸਟਲ ਨੂੰ ਸੈਨੇਟਾਈਜ਼ ਕੀਤਾ ਗਿਆ ਹੈ। ਮਜ਼ਦੂਰਾਂ ਦੇ ਰਹਿਣ ਤੋਂ ਇਲਾਵਾ ਇਨ੍ਹਾਂ ਦੇ ਖਾਣ-ਪੀਣ ਦੀ ਵਿਵਸਥਾ ਵੀ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕੀਤੀ ਗਈ ਹੈ।

# ਹਾਕਰਾਂ ਨੂੰ ਅਖ਼ਬਾਰਾਂ ਵੰਡਣ ਤੋਂ ਨਾ ਰੋਕਣ ਦੇ ਆਦੇਸ਼



ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਦਿੱਲੀ ਪੁਲੀਸ ਨੇ ਕੌਮੀ ਰਾਜਧਾਨੀ ਵਿੱਚ ਆਪਣੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਹਾਕਰਾਂ ਨੂੰ ਅਖ਼ਬਾਰ ਵੰਡਣ ਤੋਂ ਨਾ ਰੋਕਣ। ਇੱਥੇ ਅਖ਼ਬਾਰਾਂ ਵੇਚਣ ਦਾ ਸਮਾਂ ਤੜਕੇ 4.00 ਵਜੇ ਤੋਂ ਸਵੇਰੇ 9.00 ਵਜੇ ਤੱਕ ਦਾ ਤੈਅ ਕੀਤਾ ਗਿਆ ਅਤੇ ਦਿੱਲੀ ਪੁਲੀਸ ਨੂੰ ਹਦਾਇਤ ਕੀਤੀ ਹੈ ਕਿ ਉਹ ਹਾਕਰਾਂ ਨੂੰ ਉਕਤ ਸਮੇਂ ਦੌਰਾਨ ਅਖ਼ਬਾਰ ਵੰਡਣ ਤੋਂ ਨਾ ਰੋਕਿਆ ਜਾਵੇ।

ਦਿੱਲੀ ਪੁਲੀਸ ਵੱਲੋਂ ਲੌਕਡਾਊਨ ਦੌਰਾਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਧਾਰਾ 188 ਤਹਿਤ 82 ਕੇਸ ਦਰਜ ਕੀਤੇ ਹਨ ਅਤੇ 3485 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ, ਜਦੋਂਕਿ 230 ਗੱਡੀਆਂ ਜ਼ਬਤ ਕੀਤੀਆਂ ਗਈਆਂ। ਇਸੇ ਦੌਰਾਨ ਲੋਕਾਂ ਨੂੰ ਆਉਣ ਜਾਣ ਲਈ 2920 ਪਾਸ ਦਿੱਤੇ ਗਏ ਹਨ। ਡੀਸੀਪੀ ਮਨਦੀਪ ਸਿੰਘ ਰੰਧਾਵਾ ਮੁਤਾਬਕ ਵਿਸ਼ੇਸ਼ ਬ੍ਰਾਂਚ ਵੱਲੋਂ ਰਾਜਧਾਨੀ ਦਿੱਲੀ ਦੀਆਂ ਵੱਖ-ਵੱਖ ਥਾਵਾਂ ਉਪਰ ਲੋੜਬੰਦਾਂ ਨੂੰ ਸਿਵਲ ਸੁਸਾਇਟੀ ਨਾਲ ਮਿਲ ਕੇ ਖਾਣੇ ਦੇ ਪੈਕੇਟ ਵੰਡੇ ਗਏ ਹਨ। ਇਸੇ ਦੌਰਾਨ ਦਿੱਲੀ ਪੁਲੀਸ ਦੀ ਪੀਸੀਆਰ ਟੀਮ ਨੇ ਇਕ ਗਰਭਵਤੀ ਔਰਤ ਨੂੰ ਸੁਰੱਖਿਅਤ ਹਸਪਤਾਲ ਪੁੱਜਦਾ ਕਰ ਕੇ ਆਪਣਾ ਮਾਨਵੀ ਚਿਹਰਾ ਪੇਸ਼ ਕੀਤਾ। ਈਸਟ ਆਫ਼ ਕੈਲਾਸ਼ ਵਿਖੇ ਗੜ੍ਹੀ ਪਿੰਡ ਦੀ ਇਸ ਔਰਤ ਨੂੰ ਸਫ਼ਦਰਜੰਗ ਹਸਪਤਾਲ ਵਿਖੇ ਭੇਜਿਆ ਗਿਆ।

# ਸਿਆਸੀ ਆਗੂ ਦੇ ਮਾਤਾ ਪਿਤਾ ਨੂੰ ਬੰਨ੍ਹ ਕੇ ਲੁਟੇਰੇ ਸੱਤ ਲੱਖ ਲੈ ਕੇ ਫ਼ਰਾਰ

ਮਾਨਸਾ, 30 ਮਾਰਚ (ਪੋਸਟ ਬਿਊਰੋ)- ਕੱਲ੍ਹ ਰਾਤ ਜ਼ਿਲ੍ਹੇ ਦੇ ਪਿੰਡ ਬਣਾਂਵਾਲੀ ਵਿਖੇ ਲੁਟੇਰੇ ਆਮ ਆਦਮੀ ਪਾਰਟੀ ਦੇ ਆਗੂ ਐਡਵੋਕੇਟ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਮਾਤਾ-ਪਿਤਾ ਨੂੰ ਬੰਨ੍ਹ ਕੇ ਸੱਤ ਲੱਖ ਦਸ ਹਜ਼ਾਰ ਰੁਪਏ ਲੁੱਟ ਕੇ ਲੈ ਗਏ। ਲੁਟੇਰਿਆਂ ਦੀ ਗਿਣਤੀ ਅੱਠ ਦੱਸੀ ਗਈ ਹੈ।

ਵਰਨਣ ਯੋਗ ਹੈ ਕਿ ਐਡਵੋਕੇਟ ਬਣਾਂਵਾਲੀ ਮਾਨਸਾ ਵਿਖੇ ਰਹਿੰਦੇ ਹਨ, ਪਰ ਉਨ੍ਹਾਂ ਦੇ ਸੇਵਾ ਮੁਕਤ ਅਧਿਆਪਕ ਮਾਤਾ-ਪਿਤਾ ਅਜੀਤ ਸਿੰਘ ਤੇ ਬਲਵੀਰ ਕੌਰ ਪਿੰਡ 'ਚ ਰਹਿੰਦੇ ਹਨ। ਇਸ ਪਰਵਾਰ ਦਾ ਪਿੰਡ ਵਿਖੇ ਤਲਵੰਡੀ ਸਾਬੋ ਤਾਪ ਘਰ ਦੇ ਸਾਹਮਣੇ ਤੇਲ ਦਾ ਪੰਪ ਹੈ। ਦੋ ਦਿਨ ਬੈਂਕਾਂ ਬੰਦ ਹੋਣ ਕਰਕੇ ਵੇਚੇ ਗਏ ਤੇਲ ਦੀ ਰਕਮ ਘਰ 'ਚ ਸੀ। ਰਾਤ ਇੱਕ ਵਜੇ ਦੇ ਕਰੀਬ ਅਣਪਛਾਤੇ ਵਿਅਕਤੀ ਉਨ੍ਹਾਂ ਦੇ ਘਰ ਆਏ ਅਤੇ ਬਜ਼ੁਰਗ ਜੋੜੇ ਨੂੰ ਬੰਨ੍ਹ ਕੇ ਉਕਤ ਰਕਮ ਦੇ ਨਾਲ ਘਰ 'ਚ ਖੜ੍ਹੀ ਸਕੂਟਰੀ ਵੀ ਲੈ ਗਏ। ਬਜ਼ੁਰਗ ਨੇ ਪੂਰੀ ਜੱਦੋ-ਜਹਿਦ ਨਾਲ ਕਿਸੇ ਤਰ੍ਹਾਂ ਰੱਸੀਆਂ ਖੋਲ੍ਹ ਕੇ ਘਟਨਾ ਬਾਰੇ ਪੁਲਸ ਨੂੰ ਦੱਸਿਆ ਤਾਂ ਥਾਣਾ ਸਦਰ ਪੁਲਸ ਮਾਨਸਾ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਅਧਿਕਾਰੀਆਂ ਅਨੁਸਾਰ ਹਰ ਪਹਿਲੂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।






ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਕਰੋਨਾਵਾਇਰਸ ਨੂੰ ਰੋਕਣ ਲਈ ਦੇਸ਼ ਵਿੱਚ ਜਾਰੀ ਲੌਕਡਾਊਨ ਨਾਲ ਕੌਮੀ ਰਾਜਧਾਨੀ ਦਿੱਲੀ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਪ੍ਰਦੂਸ਼ਣ ਦਾ ਪੱਧਰ ਕਾਫ਼ੀ ਹੇਠਾਂ ਆਇਆ ਹੈ। ਮੌਸਮ ਵਿਭਾਗ ਦੀ ਜਾਣਕਾਰੀ ਦੇਣ ਵਾਲੀ ਏਜੰਸੀ ਨੇ ਦੱਸਿਆ ਕਿ ਹਵਾ ਸ਼ੁੱਧਤਾ ਸੂਚਕ ਅੰਕ 47 ਰਿਹਾ, ਜੋ ਬੀਤੇ ਕਈ ਸਾਲਾਂ ਮਗਰੋਂ ਸੁਧਰਿਆ ਹੈ। ਪੀਐੱਮ-10 47 ਮਾਪਿਆ ਗਿਆ ਜਦੋਂਕਿ ਪੀਐੱਮ-5 ਦਾ ਅੰਕੜਾ 23 ਰਿਹਾ। ‘ਸਫਰ’ ਮੁਤਾਬਕ ਬੀਤੇ ਦਿਨੀਂ ਪਿਆ ਬੇਮੌਸਮੀ ਮੀਂਹ ਪ੍ਰਦੂਸ਼ਣ ਸੁਧਾਰ ਦਾ ਕਾਰਨ ਬਣਿਆ। ਅਗਲੇ ਦਿਨਾਂ ਦੌਰਾਨ ਵੀ ਪ੍ਰਦੂਸ਼ਣ ਘੱਟ ਰਹਿਣ ਦੀ ਸੰਭਾਵਨਾ ਹੈ।

# ਮਦਰ ਡੇਅਰੀ ਨੇ ਫਲਾਂ ਤੇ ਸਬਜ਼ੀਆਂ ਦੀ ਸਪਲਾਈ ਦੁੱਗਣੀ ਕੀਤੀ



ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਮਦਰ ਡੇਅਰੀ ਨੇ ਦੇਸ਼ ਭਰ ਵਿੱਚ ਲੰਬੀ ਚੱਲਣ ਵਾਲੀ ਤਾਲਾਬੰਦੀ ਦੇ ਮੱਦੇਨਜ਼ਰ ਜ਼ਰੂਰੀ ਵਸਤਾਂ ਦੀ ਮੰਗ ਵਧਣ ਕਾਰਨ ਆਪਣੀ ਫਲਾਂ ਅਤੇ ਸਬਜ਼ੀਆਂ ਦੀ ਸਪਲਾਈ ਦੁੱਗਣੀ ਕਰਕੇ 300 ਟਨ ਪ੍ਰਤੀ ਦਿਨ ਕਰ ਦਿੱਤੀ ਹੈ। ਕਰੋਨ-ਾਵਾਇਰਸ ਦੇ ਮੱਦੇਨਜ਼ਰ ਭਾਰਤ ਵਿੱਚ 21 ਦਿਨ ਦੀ ਤਾਲਾਬੰਦੀ ਕੀਤੀ ਗਈ ਹੈ, ਜਿਸ ਕਾਰਨ ਜ਼ਰੂਰੀ ਵਸਤਾਂ ਦੀ ਮੰਗ ਵਿੱਚ ਭਾਰੀ ਵਾਧਾ ਹੋਇਆ ਹੈ। ਮਦਰ ਡੇਅਰੀ ਦੇ ਅਧਿਕਾਰੀ ਪ੍ਰਦੀਪ ਸਾਹੂ ਨੇ ਕਿਹਾ ਕਿ ਉਹ ਤਾਲਾਬੰਦੀ ਤੋਂ ਪਹਿਲਾਂ ਆਪਣੀਆਂ ‘ਸਫਲ’ ਦੁਕਾਨਾਂ ਰਾਹੀਂ ਰੋਜ਼ਾਨਾ 160-180 ਟਨ ਫਲ ਤੇ ਸਬਜ਼ੀਆਂ ਦੀ ਸਪਲਾਈ ਕਰਦੀ ਸੀ, ਜੋ ਹੁਣ 300 ਟਨ ਨੂੰ ਪਾਰ ਕਰ ਗਈ ਹੈ।

ਸਾਹੂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਮਦਰ ਡੇਅਰੀ ਨੇ 320 ਟਨ ਸਪਲਾਈ ਕੀਤੀ ਹੈ ਅਤੇ ਹੁਣ ਉਹ ਇਸ ਨੂੰ ਵਧਾ ਕੇ 400 ਟਨ ਪ੍ਰਤੀ ਦਿਨ ਕਰੇਗੀ। ਉਨ੍ਹਾਂ ਕਿਹਾ ਕਿ ਕੰਪਨੀ ਨੂੰ ਲੌਜਿਸਟਿਕ ਫਰੰਟ ’ਤੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਇੱਕ ਪਾਸੇ ਕਰਮਚਾਰੀਆਂ ਦੀ ਘਾਟ ਹੈ, ਦੂਜੇ ਪਾਸੇ ਆਵਾਜਾਈ ਦੀ ਸਮੱਸਿਆ ਹੈ। ਕੰਪਨੀ ਦਿੱਲੀ ਤੇ ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਉਤਰਾਖੰਡ ਤੋਂ ਫਲ ਤੇ ਸਬਜ਼ੀਆਂ ਦੀ ਖ਼ਰੀਦ ਕਰ ਰਹੀ ਹੈ। ਮਹਾਰਾਸ਼ਟਰ ਤੋਂ ਪਿਆਜ਼, ਆਲੂ ਉੱਤਰ ਪ੍ਰਦੇਸ਼ ਦੇ ਆਗਰਾ ਤੋਂ ਖ਼ਰੀਦੇ ਹਨ। ਕੇਰਲ ਤੋਂ ਅਨਾਨਾਸ ਤੇ ਕਾਈ ਦੇ ਖੱਟੇ ਪਦਾਰਥਾਂ ਵਿਚ ਮੁਸ਼ਕਲ ਆ ਰਹੀ ਸੀ। ਹਾਲਾਂਕਿ ਕੋਲਡ ਸਟੋਰੇਜ਼ ਵਿੱਚ ਕੰਪਨੀ ਕੋਲ ਸੇਬਾਂ ਦਾ ਲੋੜੀਂਦਾ ਭੰਡਾਰ ਹੈ। ਕੰਪਨੀ ਦੇ ਕੌਮੀ ਰਾਜਧਾਨੀ ਖੇਤਰ ਵਿੱਚ 300 ਤੋਂ ਵੱਧ ‘ਸਫਲ’ ਸਟੋਰ ਹਨ। ਸਾਹੂ ਨੇ ਕਿਹਾ ਕਿ ਕੰਪਨੀ ਦੇ ਸਟੋਰਾਂ ’ਤੇ ਖ਼ਰੀਦਦਾਰਾਂ ਦੀ ਸੁਰੱਖਿਆ ਧਿਆਨ ਰੱਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਨਿੱਜੀ ਦੂਰੀ ਬਣਾ ਕੇ ਰੱਖਣ ਲਈ ਕਿਹਾ ਜਾ ਰਿਹਾ ਹੈ।

# ਅਫ਼ਵਾਹਾਂ ਤੇ ਲਾਕਡਾਊਨ ਨਾਲ ਪੋਲਟਰੀ ਕਾਰੋਬਾਰ ਤਬਾਹੀ ਕੰਢੇ



ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਪਹਿਲਾਂ ਚਿਕਨ ਖਾਣ ਨਾਲ ਕੋਰੋਨਾ ਵਾਇਰਸ ਦੀਆਂ ਅਫ਼ਵਾਹਾਂ ਤੇ ਫਿਰ ਇਸ ਦੀ ਰੋਕਥਾਮ ਲਈ ਕੀਤੇ ਲਾਕਡਾਊਨ ਨਾਲ ਦੇਸ਼ ਦਾ ਪੋਲਟਰੀ ਕਾਰੋਬਾਰ ਤਬਾਹੀ ਕੰਢੇ ਪਹੁੰਚ ਗਿਆ ਹੈ।

ਭਾਰਤ ਵਿੱਚ ਪੋਲਟਰੀ ਕਾਰੋਬਾਰ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਉਹ ਨਾ ਮੁਰਗਿਆਂ ਲਈ ਫੀਡ ਖਰੀਦਣ ਦੇ ਸਮਰੱਥ ਹਨ ਤੇ ਨਾ ਉਨ੍ਹਾਂ ਕੋਲ ਅਜਿਹੇ ਲੋੜੀਂਦੇ ਸਾਧਨ ਹਨ ਕਿ ਮੁਰਗਿਆਂ ਨੂੰ ਬਚਾਇਆ ਜਾ ਸਕੇ। ਹਰਿਆਣਾ ਤੋਂ ਇੱਕ ਪੋਲਟਰੀ ਕਾਰੋਬਾਰੀ ਨੇ ਕਿਹਾ ਕਿ ਲਾਕਡਾਊਨ ਕਾਰਨ ਨਾ ਮੁਰਗਿਆਂ ਲਈ ਫੀਡ ਮਿਲਦੀ ਹੇ ਤੇ ਨਾ ਮਾਰਕੀਟ 'ਚ ਚਿਕਨ ਦੀ ਸਪਲਾਈ ਹੋ ਰਹੀ ਹੈ। ਉਨ੍ਹਾਂ ਸ਼ਿਕਾਇਤ ਕੀਤੀ ਕਿ ਪੁਲਸ ਉਨ੍ਹਾਂ ਨੂੰ ਚਿਕਨ ਦੀ ਟਰਾਂਸਪੋਰਟ ਦੀ ਇਜਾਜ਼ਤ ਨਹੀਂ ਦੇ ਰਹੀ। ਖੇਤੀਬਾੜੀ ਆਰਥਿਕਤਾ ਮਾਹਿਰ ਤੇ ਪੋਲਟਰੀ ਫੈਡਰੇਸ਼ਨ ਆਫ ਇੰਡੀਆ ਦੇ ਸਲਾਹਕਾਰ ਵਿਜੈ ਸਰਦਾਨਾ ਨੇ ਕਿਹਾ ਕਿ ਪੁਲਸ ਨੂੰ ਦੱਸਣਾ ਚਾਹੀਦਾ ਹੈ ਕਿ ਜ਼ਰੂਰੀ ਵਸਤਾਂ ਦੀ ਸਪਲਾਈ ਚਲਦੀ ਰਹੇ ਤੇ ਚਿਕਨ ਵੀ ਇਸੇ ਵਰਗ 'ਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਪੋਲਟਰੀ ਕਾਰੋਬਾਰੀ ਆਪਣੀ ਲਾਗਤ ਵੀ ਵਸੂਲ ਨਹੀਂ ਕਰ ਪਾ ਰਹੇ ਕਿਉਂਕਿ ਮੰਗ ਘਟਣ ਕਾਰਨ ਚਿਕਨ ਦੀ ਕੀਮਤ ਬਹੁਤ ਹੇਠਾਂ ਚਲੀ ਗਈ ਹੈ। ਪਹਿਲਾਂ ਇਹ ਅਫ਼ਵਾਹ ਕਿ ਮਾਸ ਖਾਣ ਨਾਲ ਕੋਰੋਨਾ ਵਾਇਰਸ ਫੈਲਦਾ ਹੈ, ਕਾਰਨ ਲੋਕਾਂ ਨੇ ਚਿਕਨ ਤੇ ਮੱਛੀ ਤੋਂ ਮੂੰਹ ਮੋੜ ਲਿਆ ਅਤੇ ਫਿਰ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਲਾਕਡਾਊਨ ਤੇ ਹੋਰਨਾਂ ਪਾਬੰਦੀਆਂ ਕਾਰਨ ਇਸ ਕਾਰੋਬਾਰ ਨੂੰ ਬਹੁਤ ਮਾਰ ਪਈ ਹੈ।

## ਕੈਮੀਕਲ ਨਾਲ ਅਦਰਕ ਸਾਫ਼ ਕਰਨ ਵਾਲਿਆਂ ਉੱਤੇ ਛਾਪਾ, ਦੋਸ਼ੀ ਫ਼ਰਾਰ



ਮਕਸੂਦਾਂ, 30 ਮਾਰਚ (ਪੋਸਟ ਬਿਊਰੋ)- ਸਬਜ਼ੀ ਮੰਡੀ ਮਕਸੂਦਾਂ ਦੇ ਆਲੇ-ਦੁਆਲੇ ਕੈਮੀਕਲ ਨਾਲ ਅਦਰਕ ਧੋਣ ਦਾ ਧੰਦਾ ਸ਼ਰੇਆਮ ਲੰਬੇ ਸਮੇਂ ਤੋਂ ਰਾਜਨੀਤਿਕ ਸਰਪ੍ਰਸਤੀ ਹੇਠ ਚੱਲ ਰਿਹਾ ਹੈ। ਕੱਲ੍ਹ ਕੈਮੀਕਲ ਨਾਲ ਅਦਰਕ ਧੋ ਰਹੇ ਲੋਕਾਂ ਦੀ ਸ਼ਿਕਾਇਤ ਮੰਡੀ ਬੋਰਡ ਤੇ ਸਿਹਤ ਵਿਭਾਗ ਕੋਲ ਪੁੱਜੀ ਤਾਂ ਟੀਮ ਨੇ ਛਾਪਾ ਮਾਰ ਕੇ ਕਈ ਕੁਇੰਟਲ ਅਦਰਕ ਕਬਜ਼ੇ ਵਿੱਚ ਲੈ ਲਿਆ। ਮੌਕੇ 'ਤੇ ਪੁੱਜੇ ਕੁਝ ਕਾਂਗਰਸੀ ਲੀਡਰ ਦੋਸ਼ੀਆਂ ਦੇ ਹੱਕ ਵਿੱਚ ਹੋ ਜਾਣ ਕਾਰਨ ਦੋਸ਼ੀ ਫ਼ਰਾਰ ਹੋ ਗਏ ਅਤੇ ਸ਼ਾਮ ਤੱਕ ਵਿਭਾਗ ਅਦਰਕ ਦੇ ਮਾਲਕਾਂ ਤੱਕ ਨਹੀਂ ਪਹੁੰਚਿਆ।

ਇਸ ਮੌਕੇ ਓਥੇ ਪੁੱਜੇ ਮੁੱਖ ਸਿਹਤ ਅਧਿਕਾਰੀ ਐਸ ਐਸ ਨਾਗਲ ਨੇ ਦੱਸਿਆ ਕਿ ਦੋਸ਼ੀ ਫ਼ਰਾਰ ਹੋ ਗਏ ਹਨ, ਜੇ ਅਦਰਕ ਦੇ ਮਾਲਕ ਸਾਹ-ਮਣੇ ਆਉਣ ਤਾਂ ਵਿਭਾਗ ਇਸ ਦੇ ਸੈਂਪਲ ਭਰੇਗਾ ਅਤੇ ਦੋਸ਼ੀ ਪਾਏ ਜਾਣ 'ਤੇ ਕਾਰਵਾਈ ਹੋਵੇਗੀ। ਦੂਜੇ ਪਾਸੇ ਜ਼ਿਲ੍ਹਾ ਮੰਡੀ ਬੋਰਡ ਅਧਿਕਾਰੀ ਦਵਿੰਦਰ ਸਿੰਘ ਨੇ ਦੱਸਿਆ ਕਿ ਕੁੱਲ 79 ਬੋਰੀਆਂ ਅਦਰਕ ਫੜੀਆਂ ਗਈਆਂ ਹਨ ਪਰ ਅਦਰਕ ਦਾ ਕੋਈ ਮਾਲਕ ਸਾਹਮਣੇ ਨਹੀਂ ਆ ਰਿਹਾ। ਸਿਹਤ ਵਿਭਾਗ ਨੇ ਸੈਂਪਲ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾ ਮਾਲਕ ਨੂੰ ਸਾਹਮਣੇ ਆਵੇ ਪਰ ਕੋਈ ਆੜ੍ਹਤੀ ਹਾਲੇ ਸਾਹਮਣੇ ਨਹੀਂ ਆਇਆ।



## ਯੂਕੇ 'ਚ ਫਸੇ ਭਾਰਤੀ ਵਿਦਿਆਰਥੀਆਂ ਨੇ ਕੀਤੀ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ



ਲੰਡਨ, 30 ਮਾਰਚ (ਪੋਸਟ ਬਿਊਰੋ)- ਯੂਕੇ ਵਿਚ ਕਰੋਨਾਵਾਇਰਸ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਉੱਥੇ ਫਸੇ ਸੈਂਕੜੇ ਭਾਰਤੀ ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਦੇਸ਼ ਲਿਆਉਣ ਲਈ ਉਡਾਨ ਦਾ ਪ੍ਰਬੰਧ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਭਾਰਤ ਵਿਚ ਕੌਮਾਂਤਰੀ ਉਡਾਨਾਂ ਉਤਰਨ ’ਤੇ ਪਾਬੰਦੀ ਲਾਈ ਗਈ ਹੈ। ਕਰੀਬ 380 ਭਾਰਤੀ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਇਕ ਮੁਹਿੰਮ ਆਰੰਭੀ ਹੈ ਤਾਂ ਜੋ ਭਾਰਤ ਸਰਕਾਰ ਨੂੰ ਕਾਰਵਾਈ ਲਈ ਕਿਹਾ ਜਾ ਸਕੇ। ਵਿਦਿਆਰਥੀਆਂ ਵਿਚ ਮੈਰੀਨ ਇੰਜਨੀਅਰ ਵੀ ਹਨ ਜੋ ਉੱਤਰ-ਪੂਰਬੀ ਇੰਗਲੈਂਡ ਵਿਚ ਪੜ੍ਹ ਰਹੇ ਹਨ। ਇਸੇ ਹਫ਼ਤੇ ਉਨ੍ਹਾਂ ਦੀਆਂ ਪ੍ਰੀਖਿਆਵਾਂ ਹੋਣੀਆਂ ਸਨ ਜੋ ਰੱਦ ਹੋ ਗਈਆਂ ਹਨ। ਉਨ੍ਹਾਂ ਕੋਲ ਸੈਨੇਟਾਈਜ਼ਰ, ਮਾਸਕ ਤੇ ਹੋਰ ਸਮੱਗਰੀ ਵੀ ਨਹੀਂ ਹੈ ਤੇ ਵਾਇਰਸ ਨਾਲ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ। ਯੂਕੇ ਵਿਚ ਫਸੇ ਧਰਮਰਾਜ ਨੇ ਕਿਹਾ ਕਿ ਸਿਡਨੀ ਤੋਂ ਇਕ ਉਡਾਨ ਭਾਰਤੀਆਂ ਨੂੰ ਕੋਚੀ ਲੈ ਕੇ ਆਈ ਹੈ। ਉਨ੍ਹਾਂ ਕਿਹਾ ਕਿ ਭਾਰਤੀਆਂ ਨੂੰ ਹੋਰਨਾਂ ਮੁਲਕਾਂ ਤੋਂ ਵੀ ਕੱਢਿਆ ਜਾ ਰਿਹਾ ਹੈ ਪਰ ਇੰਗਲੈਂਡ ਤੋਂ ਕੱਢਣ ਵਿਚ ਦੇਰ ਕੀਤੀ ਜਾ ਰਹੀ ਹੈ। ਯੂਕੇ ਦੇ ਗ੍ਰਹਿ ਮੰਤਰਾਲੇ ਨੇ ਹਾਲ ਹੀ ਵਿਚ ਐਲਾਨ ਕੀਤਾ ਹੈ ਕਿ ਵੀਜ਼ਾ ਦੀ ਮਿਆਦ ਵਧਾ ਦਿੱਤੀ ਜਾਵੇਗੀ। ਵਿਦਿਆਰਥੀ ਭਾਰਤ ਦੇ ਕਈ ਸੂਬਿਆਂ ਨਾਲ ਸਬੰਧਤ ਹਨ। ਉਥੇ ਹੀ ਯੂਕੇ ਵਿਚ ਭਾਰਤੀ ਹਾਈ ਕਮਿਸ਼ਨਰ ਰੁਚੀ ਘਨਸ਼ਿਆਮ ਨੇ ਮੁਲਕ ਵਿਚ ਫਸੇ ਭਾਰਤੀ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਗਲੇ ਹਫ਼ਤੇ ਕਿਸੇ ਉਡਾਨ ਦੇ ਭਾਰਤ ਜਾਣ ਬਾਰੇ ਝੂਠੀ ਖ਼ਬਰ ’ਤੇ ਯਕੀਨ ਨਾ ਕਰਨ। ਉਨ੍ਹਾਂ ਖਬਰ ਦੀ ਫੋਟੋ ਵੀ ਪੋਸਟ ਕੀਤੀ ਹੈ ਤੇ ਕਿਹਾ ਕਿ ਏਅਰ ਇੰਡੀਆ ਦੀ ਕੋਈ ਉਡਾਨ ਆਉਣ ਦੀ ਫ਼ਲਿਹਾਲ ਕੋਈ ਯੋਜਨਾ ਨਹੀਂ ਹੈ। ਵਟਸਐਪ ਤੇ ਹੋਰ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਜਾ ਰਹੀ ਖ਼ਬਰ ਮੁਤਾਬਕ ਕਿਹਾ ਗਿਆ ਹੈ ਕਿ ਦਿੱਲੀ ਤੇ ਮੁੰਬਈ ਤੋਂ ਏਅਰ ਇੰਡੀਆ ਦੀ ਉਡਾਨ ਆਵੇਗੀ। ਉਨ੍ਹਾਂ ਕਿਹਾ ਕਿ ਦੂਤਾਵਾਸ ਵੱਲੋਂ ਮਿਲੀ ਜਾਣਕਾਰੀ ’ਤੇ ਹੀ ਯਕੀਨ ਕੀਤਾ ਜਾਵੇ। ਭਾਰਤੀ ਸਫ਼ੀਰ ਨੇ ਕਿਹਾ ਕਿ ਐੱਨਐਚਐੱਸ ਦੀਆਂ ਹਦਾਇਤਾਂ ਦਾ ਪਾਲਣ ਕਰ ਕੇ ਸੁਰੱਖਿਅਤ ਰਿਹਾ ਜਾਵੇ। ਭਾਰਤ ਵਿਚ 14 ਅਪਰੈਲ ਤੱਕ ਕੋਈ ਉਡਾਨ ਨਹੀਂ ਉਤਰੇਗੀ। ਝੂਠੀ ਖਬਰ ਵਿਚ ਪਹਿਲੀ, ਦੋ ਤੇ ਤਿੰਨ ਅਪਰੈਲ ਨੂੰ ਹੀਥਰੋ ਤੋਂ ਉਡਾਨ ਜਾਣ ਬਾਰੇ ਕਿਹਾ ਗਿਆ ਹੈ।

## ਇਟਲੀ ਦੇ ਸਿਸਲੀ ਵਿੱਚ ਖਾਣ ਪੀਣ ਦੇ ਸਾਮਾਨ ਦੀ ਲੁੱਟ ਮੱਚੀ

ਪਲੇਰਮੋ, 30 ਮਾਰਚ (ਪੋਸਟ ਬਿਊਰੋ)- ਇਟਲੀ 'ਚ ਕੋਰੋਨਾ ਵਾਇਰਸ ਦੀ ਮਹਾਮਾਰੀ ਅਤੇ ਦਿਨੋ-ਦਿਨ ਖਰਾਬ ਹੁੰਦੀ ਮਾਲੀ ਹਾਲਤ ਕਾਰਨ ਲੋਕ ਖਾਣ-ਪੀਣ ਦਾ ਸਾਮਾਨ ਵੀ ਨਹੀਂ ਖਰੀਦ ਸਕੇ। ਇਸ ਕਰ ਕੇ ਸਿਸਲੀ ਦੇ ਸੁਪਰ ਮਾਰਕੀਟ 'ਚ ਸਥਾਨਕ ਲੋਕਾਂ ਨੇ ਲੁੱਟਮਾਰ ਕੀਤੀ ਜਿਸ ਤੋਂ ਬਾਅਦ ਉਥੇ ਸੁਰੱਖਿਆ ਲਈ ਲਾਠੀਆਂ ਅਤੇ ਬੰਦੂਕ ਨਾਲ ਲੈਸ ਪੁਲਸ ਮੁਲਾਜ਼ਮਾਂ ਨੂੰ ਤੈਨਾਤ ਕਰ ਦਿੱਤਾ ਗਿਆ।

ਇਸ ਦੇਸ਼ ਵਿੱਚ ਕੋਰੋਨਾ ਵਾਇਰਸ ਕਰ ਕੇ ਮਚੀ ਅਫਰਾ-ਤਫਰੀ ਦਾ ਲਾਭ ਉਠਾ ਕੇ ਮਾਫੀਆ ਵੀ ਖੁਦ ਨੂੰ ਨਵੇਂ ਸਿਰੇ ਤੋਂ ਸੰਗਠਿਤ ਕਰ ਰਿਹਾ ਹੈ, ਜੋ ਪ੍ਰਸ਼ਾਸਨ ਲਈ ਨਵੀਂ ਚੁਣੌਤੀ ਹੈ। ਲਾ ਰਿਪਬਲਿਕਾ ਅਖਬਾਰ ਅਨੁਸਾਰ ਸਥਾਨਕ ਲੋਕਾਂ ਦਾ ਇੱਕ



ਗਰੁੱਪ ਪਲੇਰਮੋ ਦੀ ਸੁਪਰ ਮਾਰਕੀਟ 'ਚ ਭੁਗਤਾਨ ਕੀਤੇ ਬਗੈਰ ਸਾਮਾਨ ਲੈ ਕੇ ਭੱਜ ਗਿਆ। ਇਸ ਮੌਕੇ ਇੱਕ ਵਿਅਕਤੀ ਨੂੰ ਕੈਸ਼ੀਅਰ ਦੇ ਕਾਊਂਟਰ 'ਤੇ ਚੀਕਦੇ ਸੁਣਿਆ ਗਿਆ ਕਿ ਸਾਡੇ ਕੋਲ ਦੇਣ ਲਈ ਪੈਸੇ ਨਹੀਂ, ਪਰ ਸਾਨੂੰ ਖਾਣਾ ਚਾਹੀਦਾ ਹੈ। ਸਿਸਲੀ ਦੇ ਇੱਕ ਹੋਰ ਸ਼ਹਿਰ, ਜਿੱਥੇ ਛੋਟੀਆਂ ਦੁਕਾਨਾਂ ਨੂੰ ਖੋਲ੍ਹਣ ਦੀ ਇਜਾਜ਼ਤ ਹੈ, ਦੇ ਲੋਕਾਂ ਨੇ ਮੁਫਤ 'ਚ ਖਾਣਾ ਦੇਣ ਦਾ ਦਬਾਅ ਬਣਾਇਆ। ਅਖਬਾਰ ਨੂੰ ਇਸ ਖੇਤਰ ਦੇ ਇੰਚਾਰਜ ਮੰਤਰੀ ਗਿਊਸੇਪ ਪ੍ਰੋਵੇਨਜ਼ਾਨੋ ਨੇ ਦੱਸਿਆ ਕਿ ਇਹ ਇਲਾਕਾ ਸਮਾਜਕ ਟਾਈਮ ਬੰਬ ਬਣਦਾ ਜਾ ਰਿਹਾ ਹੈ ਅਤੇ ਡਰ ਹੈ ਕਿ ਜੇ ਹਾਲਾਤ ਇਸੇ ਤਰ੍ਹਾਂ ਰਹੇ ਤਾਂ ਸਿਹਤ, ਆਮਦਨ ਅਤੇ ਭਵਿੱਖ ਬਾਰੇ ਬਹੁਤੀ ਆਬਾਦੀ ਦੀ ਚਿੰਤਾ ਕਿਸੇ ਦਿਨ ਗੁੱਸੇ ਤੇ ਨਫਰਤ ਦਾ ਰੂਪ ਲੈ ਸਕਦੀ ਹੈ। ਆਰਥਿਕ ਖੁਫੀਆ ਇਕਾਈ ਨੇ ਦੱਸਿਆ ਕਿ ਇਟਲੀ ਦਾ ਅਰਥਚਾਰਾ ਇਸ ਸਾਲ ਸੱਤ ਫੀਸਦੀ ਤੱਕ ਸੁੰਗੜ ਸਕਦਾ ਹੈ ਅਤੇ ਇਟਲੀ 'ਚ ਲਗਭਗ 65 ਫੀਸਦੀ ਛੋਟੇ ਅਤੇ ਦਰਮਿਆਨੇ ਕਾਰੋਬਾਰ ਦਿਵਾਲੀਆ ਹੋ ਸਕਦੇ ਹਨ।

## ਕਿਰਗਿਜ਼ਸਤਾਨ ’ਚ ਸੈਂਕੜੇ ਭਾਰਤੀ ਵਿਦਿਆਰਥੀ ਫਸੇ: ਅਠਾਵਲੇ

ਮੁੰਬਈ, 30 ਮਾਰਚ (ਪੋਸਟ ਬਿਊਰੋ)- ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੇ ਅੱਜ ਕਿਹਾ ਕਿ ਕਰੋਨਾਵਾਇਰਸ ਦੇ ਮੱਦੇਨਜ਼ਰ ਭਾਰਤ ’ਚ ਉਡਾਣਾਂ ’ਤੇ ਲਾਈਆਂ ਗਈਆਂ ਪਾਬੰਦੀਆਂ ਕਾਰਨ ਸੈਂਕੜੇ ਭਾਰਤੀ ਵਿਦਿਆਰਥੀ ਕਿਰਗਿਜ਼ਸਤਾਨ ਦੀ ਓਸ਼ ਸਟੇਟ ਯੂਨੀਵਰਸਿਟੀ (ਓਐੱਸਯੂ) ’ਚ ਫਸ ਗਏ ਹਨ। ਸ੍ਰੀ ਅਠਾਵਲੇ ਨੇ ਕਿਹਾ, ‘ਉਨ੍ਹਾਂ ਵਿਦਿਆਰਥੀਆਂ ਨੇ ਮਦਦ ਲਈ ਮੈਨੂੰ ਫੋਨ ਕੀਤਾ ਹੈ। ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਇਨ੍ਹਾਂ ਫਸੇ ਹੋਏ ਵਿਦਿਆਰਥੀਆਂ ’ਚੋ 205 ਵਿਦਿਆਰਥੀ ਮਹਾਰਾਸ਼ਟਰ ਨਾਲ



ਸਬੰਧਤ ਹਨ।’ ਉਨ੍ਹਾਂ ਕਿਹਾ ਕਿ ਕਿਰਗਿਜ਼ਸਤਾਨ ਦੀ ਰਾਜਧਾਨੀ ਬਿਸ਼ਕੇਸ ’ਚ ਹਵਾਈ ਸੇਵਾ ਅਥਾਰਿਟੀ ਇਨ੍ਹਾਂ ਵਿਦਿਆਰਥੀਆਂ ਨੂੰ ਭਾਰਤ ਭੇਜਣ ਲਈ ਤਿੰਨ ਦੇ ਕਰੀਬ ਉਡਾਣਾਂ ਚਲਾਉਣ ਨੂੰ ਤਿਆਰ ਹੈ। ਸ੍ਰੀ ਅਠਾਵਲੇ ਨੇ ਕਿਹਾ, ‘ਉਹ ਦੋ ਉਡਾਣਾਂ ਨਵੀਂ ਦਿੱਲੀ ਤੇ ਇੱਕ ਉਡਾਣ ਮੁੰਬਈ ਲਈ ਚਲਾਉਣ ਨੂੰ ਤਿਆਰ ਹਨ। ਮੈਂ ਇਸ ਬਾਰੇ ਸਿਵਲ ਹਵਾਬਾਜ਼ੀ ਮੰਤਰਾਲੇ, ਵਿਦੇਸ਼ ਮੰਤਰਾਲੇ ਤੇ ਹੋਰਨਾਂ ਅਧਿਕਾਰੀਆਂ ਨਾਲ ਗੱਲ ਕਰਾਂਗਾ।’ ਵਰਧਾ ਆਧਾਰਤ ਸਿੱਖਿਆ ਮਾਹਿਰ ਡਾ. ਕਿਸ਼ੋਰ ਨੇ ਕਿਹਾ ਕਿ ਇਸ ਸਮੇਂ ਓਸ਼ ਸਟੇਟ ਯੂਨੀਵਰਸਿਟੀ ’ਚ 2000 ਦੇ ਕਰੀਬ ਭਾਰਤੀ ਵਿਦਿਆਰਥੀ ਮੈਡੀਕਲ ਦੀ ਪੜ੍ਹਾਈ ਕਰ ਰਹੇ ਹਨ ਅਤੇ 125 ਕੁੜੀਆਂ ਸਮੇਤ 500 ਵਿਦਿਆਰਥੀ ਸਿਰਫ਼ ਮਹਾਰਾਸ਼ਟਰ ਤੋਂ ਹਨ।

## ਮਾਰੂਤੀ ਸੁਜ਼ੂਕੀ ਵੱਲੋਂ ਵੈਂਟੀਲੇਟਰ ਤੇ ਮਾਸਕ ਉਤਪਾਦਨ ਦਾ ਐਲਾਨ

ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਦੇਸ਼ ਦੀ ਮੁੱਖ ਕਾਰ ਨਿਰਮਾਤਾ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਲਿਮਿਟਡ ਨੇ ਦੇਸ਼ ’ਚ ਵੈਂਟੀਲੇਟਰ ਤੇ ਮਾਸਕ ਦਾ ਉਤਪਾਦਨ ਵਧਾਉਣ ਲਈ ਐਗਵਾ ਹੈਲਥਕੇਅਰ ਨਾਲ ਮਿਲ ਕੇ ਕੰਮ ਕਰਨ ਦਾ ਐਲਾਨ ਕੀਤਾ ਹੈ। ਦੇਸ਼ ’ਚ ਕਰੋਨਾਵਾਇਰਸ ਫੈਲਣ ਕਾਰਨ ਵੈਂਟੀਲੇਟਰਾਂ ਦੀ ਜ਼ਰੂਰਤ ਵੱਧ ਗਈ ਹੈ।ਮਾਰੂਤੀ ਨੇ ਅੱਜ ਆਪਣੇ ਬਿਆਨ ’ਚ ਕਿਹਾ ਕਿ ਉਸ ਨੇ ਐਗਵਾ ਹੈਲਥਕੇਅਰ ਨਾਲ ਇੱਕ ਕਰਾਰ ਕੀਤਾ ਹੈ। ਐਗਵਾ ਵੈਂਟੀਲੇਟਰ ਬਣਾਉਣ ਦੀ ਮਨਜ਼ੂਰੀ ਪ੍ਰਾਪਤ ਕੰਪਨੀ ਹੈ। ਉਨ੍ਹਾਂ ਕਿਹਾ ਕਿ ਉਹ ਦੇਸ਼ ’ਚ ਵੈਂਟੀਲੇਟਰ ਦਾ ਉਤਪਾਦਨ ਵਧਾਉਣ ਲਈ ਐਗਵਾ ਹੈਲਥਕੇਅਰ ਨਾਲ ਮਿਲ ਕੇ ਕੰਮ ਕਰਨਗੇ। ਕੰਪਨੀ ਨੇ ਕਿਹਾ, ‘ਸਾਡਾ ਇਰਾਦਾ ਵੈਂਟੀਲੇਟਰ ਉਤਪਾਦਨ ਨੂੰ 10 ਹਜ਼ਾਰ ਯੂਨਿਟ ਪ੍ਰਤੀ ਮਹੀਨਾ ਕਰਨ ਦਾ ਹੈ।’ ਦੋਵਾਂ ਕੰਪਨੀਆਂ ਵਿਚਾਲੇ ਹੋਏ ਸਮਝੌਤੇ ਤਹਿਤ ਐਗਵਾ ਹੈਲਥਕੇਅਰ ਉਸ ਵੱਲੋਂ ਤਿਆਰ ਤੇ ਵੇਚੇ ਜਾਣ ਵਾਲੇ ਸਾਰੇ ਵੈਂਟੀਲੇਟਰਾਂ ਦੀ ਤਕਨੀਕ, ਪ੍ਰਦਰਸ਼ਨ ਤੇ ਹੋਰ ਸਬੰਧਤ ਮਾਮਲੇ ਦੇਖੇਗੀ। ਦੂਜੇ ਪਾਸੇ ਮਾਰੂਤੀ ਸ਼ੁਜ਼ੂਕੀ ਆਪਣੇ ਸਪਲਾਇਰਾਂ ਰਾਹੀਂ ਜ਼ਰੂਰਤ ਦਾ ਸਾਮਾਨ ਮੁਹੱਈਆ ਕਰੇਗੀ। ਨਾਲ ਹੀ ਉਤਪਾਦਨ ’ਚ ਆਪਣੇ ਤਜਰਬੇ ਤੇ ਗਿਆਨੀ ਦੀ ਵਰਤੋਂ ਨਾਲ ਬਿਹਤਰ ਪ੍ਰਣਾਲੀ ਵਿਕਸਤ ਕੀਤੀ ਜਾਵੇਗੀ।

## ਭਾਰਤ ਦੇ ਕੋਵਿਡ-19 ਦੇ ਟਾਕਰੇ ਲਈ ਅਗਾਊਂ ਵਧੂ ਕਦਮ

ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ 21 ਦਿਨਾਂ ਦੇ ਬੰਦ ਨੂੰ ਬਿਨਾਂ ਕਿਸੇ ਯੋਜਨਾ ਦੇ ਐਲਾਨੇ ਜਾਣ ਦੀ ਆਲੋਚਨਾ ਨੂੰ ਦਰਕਿਨਾਰ ਕਰਦਿਆਂ ਕਿਹਾ ਹੈ ਕਿ ਕੋਵਿਡ-19 ਨਾਲ ਨਜਿੱਠਣ ਲਈ ਉਨ੍ਹਾਂ ਅਗਾਊਂ ਬਚਾਅ ਪੱਖੀ ਕਦਮ ਉਠਾਏ ਸਨ। ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਬਿਆਨ ’ਚ ਕਿਹਾ ਕਿ ਸਰਕਾਰ ਨੇ ਵਿਸ਼ਵ ਸਿਹਤ ਸੰਗਠਨ ਵੱਲੋਂ ਕਰੋਨਾਵਾਇਰਸ ਨੂੰ ਮਹਾਮਾਰੀ ਐਲਾਨੇ ਜਾਣ ਤੋਂ ਬਹੁਤ ਪਹਿਲਾਂ ਹੀ ਮੁਲਕ ਦੀਆਂ ਸਰਹੱਦਾਂ ’ਤੇ ‘ਵਿਆਪਕ ਰਿਸਪਾਂਸ ਪ੍ਰਣਾਲੀ’ ਕਾਇਮ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਸਰਕਾਰ ਦੀ ਇਸ ਗੱਲੋਂ ਆਲੋਚਨਾ ਹੋ ਰਹੀ ਹੈ ਕਿ ਉਸ ਨੇ ਲੌਕਡਾਊਨ ਬਿਨਾਂ ਕਿਸੇ ਯੋਜਨਾਬੰਦੀ ਦੇ ਲਾਗੂ ਕੀਤੀ ਅਤੇ ਮੁਲਕ ’ਚ ਫਸੇ ਹੋਏ ਪਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਹਾਲ ’ਤੇ ਛੱਡ ਦਿੱਤਾ ਗਿਆ। ਸਰਕਾਰ ਨੇ ਕਿਹਾ ਕਿ ਹਵਾਈ ਜਹਾਜ਼ਾਂ ਰਾਹੀਂ ਬਾਹਰੋਂ ਆਏ ਮੁਸਾਫ਼ਰਾਂ ਦੀ ਸਕਰੀਨਿੰਗ ਦੇ ਨਾਲ ਨਾਲ ਉਨ੍ਹਾਂ ਦੇ ਵੀਜ਼ੇ ਮੁਅੱਤਲ ਕਰਨ ਅਤੇ ਕੌਮਾਂਤਰੀ ਉਡਾਣਾਂ ’ਤੇ ਰੋਕ ਜਿਹੇ ਕਦਮ ਹੋਰ ਕਿਸੇ ਮੁਲਕ ਨਾਲੋਂ ਬਹੁਤ ਪਹਿਲਾਂ ਉਠਾਏ ਗਏ। ਬਿਆਨ ਮੁਤਾਬਕ ਚੀਨ ਅਤੇ ਹਾਂਗਕਾਂਗ ਤੋਂ ਆਉਣ ਵਾਲੇ ਮੁਸਾਫ਼ਰਾਂ ਦੀ ਥਰਮਲ ਸਕਰੀਨਿੰਗ 18 ਜਨਵਰੀ ਤੋਂ ਸ਼ੁਰੂ ਹੋ ਗਈ ਸੀ ਜਦਕਿ ਭਾਰਤ ’ਚ ਕਰੋਨਾਵਾਇਰਸ ਦਾ ਪਹਿਲਾ ਮਾਮਲਾ 30 ਜਨਵਰੀ ਨੂੰ ਮਿਲਿਆ ਸੀ। ਉਨ੍ਹਾਂ ਇਨ੍ਹਾਂ ਦੋਸ਼ਾਂ ਨੂੰ ਵੀ ਨਕਾਰਿਆ ਕਿ ਰੱਜੇ-ਪੁੱਜੇ ਭਾਰਤੀਆਂ ਨੂੰ ਬਿਨਾਂ ਸਕਰੀਨਿੰਗ ਦੇ ਮੁਲਕ ’ਚ ਪਰਤਣ ਦੀ ਇਜਾਜ਼ਤ ਦਿੱਤੀ ਗਈ ਅਤੇ ਕਿਹਾ ਕਿ ਇਹ ਦੋਸ਼ ਸਹੀ ਨਹੀਂ ਹਨ।



MISSISSAUGA
BRAMPTON

AFFORDABLE LIVING

CAMBRIDGE
KITCHENER
WATERLOO




DOON SOUTH - KITCHENER
" 4 BEDROOM HOME"
SEPARATE ENTRANCE
TO BASEMENT

ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ । ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।

**ASKING $839,000.** MLS # 30784447
**Call Joseph today 519-575-2777**




"LUXURIOUS - LARGE CUSTOM
2 STORY IN - LAW SUIT
FINISHED WALK
OUT BASEMENT"


ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਨਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। **ASKING $985,000.**
MLS # 30790796
**Call Joseph today 519-575-2777**




"EXECUTIVE LARGE
FAMILY HOME IN-LAW SUITE"
MLS# 30781327

ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ । ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ । ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ ।

**ASKING $1,550,000**
**Call Joseph today 519-575-2777**




Incredible opportunity that will not last! This 23 lot approved sub division means you do not have to wait to build. All engineering is complete.
Ready to go !
Asking $ 1,990,000
**Call Joseph today 519-575-2777**




4 BEDROOM + 2 BATHROOM
END UNIT TOWN HOME
WITH FINISHED BASEMENT

ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫੀਸ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ ।

**ASKING $524,900**
**Call Joseph today 519-575-2777**
MLS #30790510




3 BEDROOM + 3 WASHROOM
BRAND NEW 2 STORY HOME

ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੁਡ ਦੀ ਪੌੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ । ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ।
MLS #30790214
**ASKING $634,900**
**Call Joseph today 519-575-2777**



Joseph INGRAM
SALES REPRESENTATIVE
*Call/Text Direct today!*
**519-575-2777**
Joseph@JosephIngram.com

#1
REALTOR
TOP INDIVIDUAL
SALES
CAMBRIDGE
2018

RE/MAX
Real Estate Centre, Brokerage
Cambridge 519-623-6200
Kitchener 519-741-0950

Awards earned From 2000-2018

**Testimonials**

1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener

2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

